# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਮਈ ੧੯੮੨ MAY 1982


## ਦੋ ਕੀਰਤਨੀ ਲਾਲ



### ਵਰਿੰਦਰ ਸਿੰਘ ਤੇ ਰੂਪਿੰਦਰ ਸਿੰਘ

ਇਹ ਦੋਵੇਂ ਹੋਨਹਾਰ ਬੱਚੇ ਭਾਈ ਸਾਹਿਬ ਸੂਰਤ ਸਿੰਘ ਜੀ (ਪੂਰਨ ਜੀ) ਤੇ ਭੈਣ ਭੂਪਿੰਦਰ ਕੌਰ ਜੀ ਦੇ ਨੌਜਵਾਨ ਹੀਰੇ ਸਨ। ਆਪਣੇ ਮਾਤਾ ਪਿਤਾ ਦੇ ਪੂਰਨਿਆਂ ਤੇ ਚਲ ਕੇ ਗੁਰਮਤੀ ਜੀਵਨ ਜੀਂਦਿਆਂ ਕੀਰਤਨ ਦੀ ਸੇਵਾ ਦੁਆਰਾ ਸ਼ਹਿਰਾਂ ਸ਼ਹਿਰਾਂ ਦੀਆਂ ਸੰਗਤਾਂ ਦੇ ਹਰਮਨ ਪਿਆਰੇ ਹੋ ਰਹੇ ਸਨ, ਜੋ 8- 4 - 82 ਰਾਤ ਨੂੰ ਫਰੀਦਾਬਾਦ ਵਿਖੇ ਕੀਰਤਨ ਦੀ ਸੇਵਾ ਕਰ ਕੇ ਸਕੂਟਰ ਤੇ ਘਰ ਜਾ ਰਹੇ ਸਨ ਕਿ ਟਰੱਕ-ਹਾਦਸੇ ਨਾਲ ਗੁਰੂ ਨੂੰ ਪਿਆਰੇ ਹੋ ਗਏ ਅਤੇ ਸਿਖ ਸੰਗਤਾਂ ਤੇ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ।

www.AKJ.Org

# ਤਤਕਰਾ


| | | |
|---|---|---|
| ਹਮ ਬਾਰਿਕ ਤਉ ਸਰਣਾਈ | ਸੋਰਠਿ ਮਹਲਾ ੫ | ੩ |
| ਗੁਰਮਤਿ ਭੈ-ਬਿਬੇਕ | ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ | ੪ |
| ਮਨਮਤਿ ਛਡੋ ਤੇ ਗੁਰਮਤਿ ਧਾਰਨ ਕਰੋ | 'ਸੂਰਾ' ਪਰਵਾਰ | ੯ |
| ਅਸਚਰਜ ਸ਼ਰਧਾ | ਪ੍ਰੋਫ਼ੈਸਰ ਸਾਹਿਬ ਸਿੰਘ ਜੀ | ੧੦ |
| ਗੁਰ ਕਾ ਬਚਨੁ ਬਸੈ ਜੀਅ ਨਾਲੇ | ਸ: ਮਨਮੋਹਨ ਸਿੰਘ ਜੀ ਬਲ | ੧੭ |
| ਕਲਗੀਆਂ ਵਾਲੇ ਦੇ ਕਮਾਲ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੭ |
| ਪੂਰਬ ਜਨਮ ਕੇ ਮਿਲੇ ਸੰਜੋਗੀ (੪) | ਪ੍ਰੋ: ਠਾਕਰ ਸਿੰਘ ਜੀ | ੧੮ |
| ਭਾਈ ਘਨੱਈਆ ਜੀ | ਪ੍ਰੋਫ਼ੈਸਰ ਸਾਹਿਬ ਸਿੰਘ ਜੀ | ੨੪ |
| ਖਾਲਸਾ ਰਾਜ ਦਾ ਅੰਤ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੨੫ |
| ਜੇਹਾ ਬੀਜੈ ਸੋ ਲੁਣੈ | ਸ: ਓਅੰਕਾਰ ਬਖ਼ਸ਼ ਸਿੰਘ ਜੀ | ੨੮ |
| ਰਹਿਣੀ ਰਹੇ ਸੋਈ ਸਿਖ ਮੇਰਾ | ਬੀਬੀ ਪੀ. ਕੌਰ ਜੀ | ੩੦ |
| ਇਕੋ ਆਸ (ਕਵਿਤਾ) | ਪ੍ਰੋਫ਼ੈਸਰ ਬਲਵਿੰਦਰਪਾਲ ਸਿੰਘ ਜੀ | ੩੦ |
| ਰਾਖਾ ਹੋ ਫੁਲਵਾੜੀ ਦਾ (ਕਵਿਤਾ) | ਗਿ: ਜਗਤਾਰ ਸਿੰਘ ਜੀ ਜਾਚਕ | ੩੧ |
| ਕਲਗੀਧਰ ਜੀ ਦੇ ਉਪਕਾਰ | ਬੀਬੀ ਦਲੀਪ ਕੌਰ ਜੀ | ੩੨ |
| ਦੋ ਹੰਝੂ ਭਰੇ ਸ਼ਬਦ | ਪ੍ਰੋਫ਼ੈਸਰ ਨਰੈਣ ਸਿੰਘ ਜੀ | ੩੩ |
| ਸਿਖ ਧਰਮ ਵਿਚ ਤਲਵਾਰ ਦਾ ਕੀ ਅਸਥਾਨ ਹੈ ? | ਡਾ: ਗੋਬਿੰਦ ਸਿੰਘ ਜੀ ਮਨਸੁਖਾਨੀ | ੩੮ |
| ਦਰਦ ਭਰੀ ਅਪੀਲ | ਗੁਰੂ ਗੋਬਿੰਦ ਸਿੰਘ ਸੇਵਕ ਜਥਾ | ੩੯ |
| ਜਿਨਿ ਤੁਮ ਭੇਜੇ ਤਿਨਹਿ ਬੁਲਾਏ | 'ਸੂਰਾ' ਪਰਵਾਰ | ੪੦ |
| ਧਰਮ-ਅਸਥਾਨਾਂ ਦੀ ਪਵਿਤਰਤਾ | ਸੰਪਾਦਕੀ ਨੋਟ | ੪੧ |


ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ੬ ਮਈ    ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ੧੬ ਮਈ

ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ੨੬ ਮਈ

---

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ਭਤੀਜੀ ਬੀਬੀ ਪ੍ਰਮਿੰਦਰ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 100-00 |
| ਸ: ਹਰਬੰਸ ਸਿੰਘ ਕਾਲਾ ਕੱਟ | ਸੂਰਾ ਦੀ ਚੜ੍ਹਦੀ ਕਲਾ ਲਈ | 6-00 |
| ਸ: ਇੰਦਰ ਸਿੰਘ ਨਵੀਂ ਦਿੱਲੀ | ਸੁਪਤਨੀ ਪ੍ਰਕਾਸ਼ ਕੌਰ ਦੀ ਯਾਦ ਵਿਚ | 21-00 |
| ਸ: ਤਰਲੋਕ ਸਿੰਘ ਆਗਰਾ ਕੈਂਟ | ਸੂਰਾ ਦੀ ਚੜ੍ਹਦੀ ਕਲਾ ਲਈ | 21-00 |
| ਸ: ਪ੍ਰਿਤਪਾਲ ਸਿੰਘ ਸ਼ਾਮ ਚੁਰਾਸੀ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 11-00 |
| ਅਖੰਡ ਕੀਰਤਨੀ ਜਥਾ ॥ ਵਿੰਗ A. F. | ਸੂਰਾ ਦੀ ਚੜ੍ਹਦੀ ਕਲਾ ਲਈ | 51-00 |
| ਫਰੀਦਾਬਾਦ ਸਮਾਗਮ ਸਮੇਂ ਇਕ ਪਰੇਮੀ ਵਲੋਂ ਗੁਪਤ ਸੇਵਾ | ,, ,, ,, | 200-00 |
| ਸ: ਅਵਤਾਰ ਸਿੰਘ ਫਰਾਕਾ ਬੈਰਿਜ | ਚੜ੍ਹਾਵਾ ਸਮਾਗਮ | 25-00 |
| ਸ: ਨਿਹਾਲ ਸਿੰਘ ਮਾਖਾ | ਸੂਰਾ ਦੀ ਚੜ੍ਹਦੀ ਕਲਾ ਲਈ | 11-00 |
| ਐਸ. ਐਸ. ਗੋਇੰਦੀ ਨਵੀਂ ਦਿੱਲੀ | ਬੱਚੀ ਦੇ ਨਾਮ ਕਰਨ ਸਮੇਂ | 21-00 |

---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੫. ੯੨ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਮਈ ੧੯੮੨ ਅੰਕ ੫

## ਹਮ ਬਾਰਿਕ ਤਉ ਸਰਣਾਈ

ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥
ਪ੍ਰਭਿ ਆਪੇ ਪੈਜ ਰਖਾਈ ॥੧॥
ਮੇਰਾ ਮਾਤ ਪਿਤਾ ਹਰਿ ਰਾਇਆ ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ ॥ਰਹਾਉ॥
ਜੀਅ ਜੰਤ ਤੇਰੇ ਧਾਰੇ ॥
ਪ੍ਰਭ ਡੋਰੀ ਹਾਥਿ ਤੁਮਾਰੇ ॥
ਜਿ ਕਰਾਵੈ ਸੋ ਕਰਣਾ ॥
ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥

[ਸੋਰਠਿ ਮਹਲਾ ੫, ਪੰਨਾ ੬੨੬-੨੭



www.AKJ.Org

# ਗੁਰਮਤਿ ਭੈ-ਬਿਬੇਕ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਾਨਕੁ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥

ਸਿਰੀ ਰਾਗੁ ਮ: ੩, ਪੰਨਾ ੨੯

ਭਾਵ, ਜਿਹੜੇ ਸ਼ਬਦ-ਰਤੇ ਨਾਮ ਦੀ 'ਰੰਗਣਾ' ਵਾਲੇ ਹਨ, ਉਹਨਾਂ ਨੂੰ ਇਸ ਭੈ (ਅਦਬ) ਧਾਰਨ ਕੀਤਿਆਂ (ਲਾਗ) ਲਗਦੀ ਹੈ। ਭੈ ਤੋਂ ਬਿਹੂਣ ਰੰਗ-ਰਤੜੀ ਦਸ਼ਾ ਵਾਲੀ ਲਾਗ ਕੇਹੀ ? ਅਰਥਾਤ ਇਹ ਲਾਗ ਭੈ ਬਿਨਾਂ ਲਗਦੀ ਹੀ ਨਹੀਂ :

ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥ [ਆਸਾ ਮ: ੩, ਪੰਨਾ ੪੨੭

ਇਹ 'ਭੈ' ਸੰਸਾਰੀਆਂ ਵਾਲਾ ਭੈ ਨਹੀਂ। ਨਾ ਹੀ ਭਰਮੀਆਂ ਅਨਮਤੀਆਂ ਵਾਲਾ ਭੈ ਹੈ, ਜਿਸ ਦਾ ਅਰਥ ਪਿੱਤਾ ਸੁਕਾਉਣ ਵਾਲਾ ਡਰ ਹੁੰਦਾ ਹੈ, ਜੋ ਇਨਸਾਨ ਨੂੰ ਬਣਾਉਂਦਾ ਹੈ, ਬਲਕਿ ਇਹ ਸਚਾ 'ਭੈ' ਗੁਰਮਤਿ ਅੰਦਰ ਅਦਬ ਅਤੇ ਭਾਵਨੀ ਸੰਯੁਕਤ ਅਦਬ, ਸਿਦਕ ਅਤੇ ਪ੍ਰਤੀਤ ਪੂਰਤ ਅਦਬ ਦਾ ਅਰਥ ਰਖਦਾ ਹੈ। ਜਿਸ ਦੇ ਅੰਦਰ ਸੱਚੇ ਦਾ ਭੈ ਹੈ ਉਸ ਨੂੰ ਹੀ ਸਚੀ ਪ੍ਰਤੀਤ ਹੈ। ਇਹ ਭੈ ਪ੍ਰਤੀਤ ਜਿਸ ਦੇ ਅੰਦਰ ਆਣ ਵਸੀ, ਉਹ ਸਦਾ ਸੱਚੇ ਨੂੰ ਅੰਗ ਸੰਗ ਜਾਣਦਾ ਹੋਇਆ ਹੁਕਮੀ ਬੰਦਾ ਹੋਇ ਕੇ ਸ਼ੁਭ ਕਰਮ, ਗੁਰ-ਫ਼ੁਰਮਾਏ ਕਰਮ ਹੀ ਕਮਾਉਂਦਾ ਹੈ। ਉਸ ਨੂੰ ਇਸ ਗੁਰਵਾਕ ਉਤੇ ਭੈ-ਭਾਵਨੀ ਵਾਲੀ ਪ੍ਰਤੀਤ ਹੈ ਕਿ :

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥[ਆਸਾ ਮ: ੩, ਪੰਨਾ ੪੨੯

ਤਦ ਹੀ ਉਹ ਸੱਚੇ ਨਿਰਭਉ ਅਕਾਲ ਪੁਰਖ "ਨੇਰ ਹੂ ਤੇ ਨੇਰਾ" ਅਤੇ "ਪੇਖਤ ਸੁਨਤ ਸਦਾ ਹੈ ਸੰਗੇ" ਜਾਣਦਾ ਹੋਇਆ ਸੱਚੀ ਭੈ-ਭਾਵਨੀ ਸੰਯੁਕਤ ਗੁਰਮਤਿ ਕਰਮ ਕਮਾਉਂਦਾ ਹੈ। ਅਤੇ ਇਹ ਸੱਚਾ ਭੈ ਸਤਿਗੁਰੂ ਦੇ ਮਿਲਿਆਂ (ਗੁਰੂ ਧਾਰਨ ਕਰਿਆਂ) ਹੀ ਪ੍ਰਾਪਤ ਹੁੰਦਾ ਹੈ। ਫੇਰ ਤਾਂ ਇਸ ਭੈ ਰਸਾਇਣ ਵਿਖੇ ਸਿਖ ਜਗਿਆਸੂ ਜਨ ਸਦਾ ਰਚਿਆ ਹੀ ਰਹਿੰਦਾ ਹੈ ਅਤੇ ਸਦਾ ਭੈ ਰਚੇ ਰਹਿਣ ਕਰਕੇ ਇਸ ਗੁਰਮਤਿ ਭੈ ਦੇ ਧਾਰਨਹਾਰੇ ਬਿਬੇਕੀ ਜਨ ਦੇ ਮਨ ਵਿਖੇ ਸੱਚਾ ਸਾਹਿਬ ਆਪ ਹੀ ਆਇ ਨਿਵਾਸ ਕਰਦਾ ਹੈ, ਜੈਸਾ ਕਿ ਗੁਰਵਾਕ ਹੈ—

ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥ [ਸਿਰੀ ਰਾਗੁ ਮ: ੩, ਪੰਨਾ ੩੩

ਪਹਿਲੀ ਸਿਖ ਜਗਿਆਸਾ ਵਿਖੇ ਪ੍ਰਿਥਮ ਸਤਿਗੁਰਾਂ ਦੇ ਬਚਨਾਂ ਉਤੇ ਪ੍ਰਤੀਤ ਅਤੇ ਸੱਚੀ ਪ੍ਰਤੀਤ ਹੋਣੀ ਗੁਰਸਿਖ ਲਈ ਲੋੜੀਂਦੀ ਹੈ। ਇਸ ਪ੍ਰਤੀਤ ਹੀਣੇ ਪ੍ਰਾਣੀ ਉੱਕੇ ਅਗਿਆਨੀ ਅਤੇ ਮੰਦ ਮਤ ਅਬਿਬੇਕੀ ਹਨ ਅਤੇ ਇਸ ਪ੍ਰਤੀਤ ਬਿਹੂਣ ਜੋ ਕੁਛ ਭੀ ਉਹ ਕਰਦੇ ਹਨ, ਸਭ ਕਪਟ ਕਮਾਉਂਦੇ ਹਨ। ਯਥਾ ਗੁਰਵਾਕ :

ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥

ਸਲੋਕ ਮ: ੪, ਪੰਨਾ ੬੫੨

ਅਤੇ ਜਿਨ੍ਹਾਂ ਨੂੰ ਸਤਿਗੁਰੂ ਅਤੇ ਸਤਿਗੁਰ ਦੇ ਬਚਨਾਂ ਉਤੇ ਸੱਚੀ ਪ੍ਰਤੀਤ ਆਈ ਹੈ, ਉਹਨਾਂ ਦੇ ਹਿਰਦੇ ਅੰਦਰਿ ਹੀ ਸਦਾ ਸੱਚੇ ਦਾ ਭਉ ਵਸਿਆ ਹੈ। ਅਤੇ—

ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥੪॥੩॥

ਤੁਖਾਰੀ ਮ: ੪, ਪੰਨਾ ੧੧੧੬



www.AKJ.Org

ਅਤੇ ਜਿਨ੍ਹਾਂ ਦੇ ਅੰਦਰਿ ਇਹ ਭਉ ਨਹੀਂ ਉਹਨਾਂ ਦੇ ਨਾਲ ਦੋਸਤੀ ਮਿਤਰਤਾ ਵਾਲਾ ਸਨਬੰਧ ਰਖਣਾ ਗੁਰਮਤਿ ਵਿਰੁਧ ਹੈ। ਯਥਾ ਗੁਰਵਾਕ—

ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰੁ ॥੧॥

ਸਲੋਕ ਮ: ੩, ਵਡਹੰਸ ਕੀ ਵਾਰ, ਪੰਨਾ ਪ੮੭

ਜਦ ਤਕ ਜਗਿਆਸਾ ਦੀ ਪਹਿਲੀ ਅਵਸਥਾ ਅੰਦਰ ਇਹ ਗੁਰਮਤਿ ਭੈ ਵਾਲਾ ਬਿਬੇਕ, ਭਾਵਨੀ ਸੰਝੁਕਤ ਨਾ ਧਾਰਨ ਕੀਤਾ ਜਾਵੇ, ਤਦ ਤਾਈਂ ਨਿਰੀ ਤੇ ਫੋਕੀ ਕਥਨੀ ਬਦਨੀ ਦੁਆਰਾ ਕਖ ਨਹੀਂ ਬਣਦਾ। ਜੋ ਸਦਾ ਇਸ ਭੈ ਵਿਚ ਰੱਤਾ ਰਹੇ ਤਾਂ ਇਸ ਜਗਿਆਸਾ ਨੂੰ ਸਹਿਜ ਸੁਹਾਗ ਦਾ ਰੰਗ ਲਗ ਜਾਂਦਾ ਹੈ। ਯਥਾ ਗੁਰਵਾਕ—

ਗੋਵਿੰਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥

ਸਿਰੀਰਾਗੁ ਮ: ੩, ਪੰਨਾ ੩੨-੩੩

ਜਿਸ ਅੰਦਰ ਇਹ ਭੈ ਨਹੀਂ, ਓਹੀ ਸਾਈਂ ਅਗੇ ਸਤਿਗੁਰ ਅਗੇ ਨਹੀਂ ਨਿੰਵਦੇ। ਉਹਨਾਂ ਦੇ ਅੰਦਰੋਂ ਹੰਕਾਰ ਨਹੀਂ ਜਾਂਦਾ, ਇਸ ਕਰਕੇ ਉਹ ਨਹੀਂ ਨਿਉਂਦੇ। ਅਤੇ ਸੀਸ ਨਿਵਾ ਕੇ ਸਤਿਗੁਰ ਸਾਈਂ ਦੇ ਅਗੇ ਮੱਥਾ ਨਹੀਂ ਟੇਕਦੇ। ਦੇਖੋ, ਐਸੇ ਭੈੜੇ ਹੀਣ ਹੰਕਾਰੀਆਂ ਪ੍ਰਤੀ ਗੁਰਵਾਕ ਕੀ ਫ਼ਤਵਾ ਦਿੰਦੇ ਹਨ—

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥੧੫॥

ਸਲੋਕੁ ਮ: ੨, ਸਿਰੀਰਾਗ ਕੀ ਵਾਰ, ਪੰਨਾ ੮੯

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

ਸਲੋਕ ਫਰੀਦ ਜੀ, ਪੰਨਾ ੧੩੮੧

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ਰਹਾਉ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥੬੯॥

ਸਿਰੀ ਰਾਗੁ ਮ: ੪, ਪੰਨਾ ੪੧

ਸੋ ਸਤਿਗੁਰ ਸਾਈਂ ਅਗੇ ਨਿਵਣਾ ਅਤੇ ਨਿੰਵ ਕੇ ਸੀਸ ਝੁਕਾਉਣਾ ਅਤੇ ਝੁਕ ਕੇ ਮੱਥਾ ਟੇਕਣਾ, ਇਸ ਭੈ-ਭਾਵਨੀ ਤੋਂ ਉਪੰਨਾ ਗੁਰਮਤਿ ਬਿਬੇਕ ਹੈ, ਜੋ ਸਿਖ ਮਾਤ੍ਰ ਨੂੰ ਧਾਰਨ ਕਰਨਾ ਜ਼ਰੂਰੀ ਹੈ। ਸਰਬ ਕਲਾ ਸਮਰੱਥ ਸਾਈਂ ਸਤਿਗੁਰ ਦੇ ਅਗੇ ਨਮਸਕਾਰ-ਡੰਡਵਤ ਕਰਨਾ ਭੀ ਇਹੋ 'ਭੈ' ਸਿਖਾਉਂਦਾ ਹੈ। ਯਥਾ—

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥



www.AKJ.Org

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥੨੯॥

ਸਲੋਕ, ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥ ਮਾਹਿ ਸਮਾਇਆ ॥

ਭਾਈ ਗੁਰਦਾਸ ਜੀ, ਵਾਰ ੧, ਪਉੜੀ ੧

ਅਤੇ ਇਹੋ 'ਭੈ' ਮਨ ਦੀ ਮੈਲ ਕਟ ਕੇ ਸਰੀਰ ਨੂੰ ਭੀ ਨਿਹਾਲ ਕਰ ਦਿੰਦਾ ਹੈ ਅਤੇ ਏਸੇ ਭੈ ਕਰਕੇ ਮਤਿ ਉਤਮ (ਉਚੀ) ਹੁੰਦੀ ਹੈ ਅਤੇ ਅੰਤਰਿ ਜੋਤਿ ਪਰਕਾਸ਼ਦੀ ਹੈ । ਅਤੇ ਏਸੇ ਭੈ ਵਿਚ ਰਹਿਣ ਅਤੇ ਕਾਰ ਕਮਾਵਣ ਕਰਕੇ ਇਸ ਲੋਕ ਵਿਚ ਸੁਖੀਏ ਪਰਲੋਕ ਸੁਹੇਲੇ ਹੋਈਦਾ ਹੈ ਅਤੇ ਏਸੇ ਭੈ ਕਰਕੇ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ ਤੇ ਅੰਤ ਜੋਤੀ ਜੋਤਿ ਸਮਾਈਦਾ ਹੈ । ਯਥਾ ਗੁਰਵਾਕ—

ਭੈ ਪਇਐ ਮਲੁ ਕਟੀਐ ਨਿਰਮਲੁ ਹੋਵੈ ਸਰੀਰੁ ॥
ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥
ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥
ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥੧੯॥

ਸਲੋਕੁ ਮ: ੩, ਗੂਜਰੀ ਕੀ ਵਾਰ, ਪੰਨਾ ੫੧੯

ਅਤੇ ਇਹੋ ਭੈ ਲੋਭ-ਰੱਤ ਨੂੰ ਵਿਚਹੁੰ ਗਵਾਉਂਦਾ ਅਤੇ ਦੁਰਮਤਿ ਮੈਲ ਨੂੰ ਭਜਾਉਂਦਾ ਹੈ;ਜੈਸੇ ਗੁਰਵਾਕ ਹੈ—

ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥

ਸਲੋਕ ਮ: ੩, ਵਾਰ ਰਾਮਕਲੀ, ਪੰਨਾ ੯੪੯-੫੦

ਅਤੇ ਏਸੇ ਭੈ ਵਿਚ ਰਹਿ ਕੇ ਹੀ ਗੁਰਸਿਖ ਗੁਰੂ ਕੀ ਸੇਵਾ ਚਾਕਰੀ ਕਮਾਉਂਦਾ ਹੈ । ਯਥਾ ਗੁਰਵਾਕ—

ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥੨॥

ਮ: ੩, ਬਿਹਾਗੜੇ ਕੀ ਵਾਰ, ਪੰਨਾ ੫੪੯

ਅਤੇ ਏਸੇ ਭੈ ਵਿਚ ਰਹਿਣ ਦੀ ਰਹਿਣੀ ਰਹਿਣ ਨੂੰ ਅਤੇ ਇਸੇ ਭੈ ਵਿਚ ਚਲਣ ਦੀ ਗੁਰਮਤਿ ਨਿਰਾਲੀ ਚਾਲ ਨੂੰ ਭਾਈ ਗੁਰਦਾਸ ਜੀ ਇਸ ਬਿਧਿ ਉਚਾਰਦੇ ਹਨ—

ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ ॥
ਸਾਧ ਸੰਗਤਿ ਭੈ ਭਾਇ ਵਿਚਿ ਭਗਤ ਵਛਲੁ ਕਰਿ ਅਛਲੁ ਛਲਣਾ ॥

ਪਉੜੀ ੧੭, ਵਾਰ ੧੮

ਏਸ ਭਉ ਤੋਂ ਭਾਉ ਅਰਥਾਤ ਪ੍ਰੇਮ ਉਤਪੰਨ ਹੁੰਦਾ ਹੈ । ਪ੍ਰਿਥਮ ਜਿਸ ਦੇ ਮਨ ਵਿਚ ਸਚਾ ਭਉ ਨਹੀਂ **ਪਇਆ**, ਉਸ ਦੇ ਮਨ ਅੰਦਰ ਭਾਉ ਦਾ **ਉਗਵਣਾ** ਔਖਾ ਹੈ । ਪਰੰਤੂ "ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ"* ਦੇ ਗੁਰਵਾਕ ਅਨੁਸਾਰ ਭਾਉ (ਪ੍ਰੇਮ) ਤਿਨ੍ਹਾਂ ਦੇ ਮਨ ਅੰਦਰ ਹੀ ਸਫੁਟ ਹੁੰਦਾ ਹੈ ਜਿਨ੍ਹਾਂ ਦੇ ਮਨ ਅੰਦਰ ਪਹਿਲਾਂ 'ਭਉ' ਪੈਂਦਾ ਹੈ । ਤਾਂ ਤੇ 'ਭਉ' ਤੇ 'ਭਾਉ' ਦਾ ਪ੍ਰਸਪਰ ਬਹੁਤ ਗੂੜ੍ਹਾ ਸੰਬੰਧ ਹੈ । ਗੁਰਸਿਖੀ ਦੇ ਪ੍ਰੇਮ-ਮੰਡਲ ਵਿਚ ਗੁਰਸਿਖ ਦਾ ਨਾਤਾ ਇਸ 'ਭਾਉ' ਤੋਂ ਜੁੜਦਾ ਹੈ । ਇਸ ਭਾਉ ਤੋਂ ਉਡਾਰੀ ਮਾਰ ਕੇ ਪ੍ਰੇਮ-ਮੰਡਲ

*ਆਸਾ ਦੀ ਵਾਰ, ਸਲੋਕ ੨, ਪਉੜੀ ੫



www.AKJ.Org

ਵਿਚ ਜਾ ਖੇਡਣ ਵਾਲੇ ਖਿਡਾਰੀ ਨਿਰਭੈ ਪਦ ਦੇ ਨਿਰੰਕਾਰੀ ਦੇਸ ਵਿਚ ਜਾ ਪਰਵੇਸ਼ ਕਰਦੇ ਹਨ। ਅਤੇ ਸੰਸਾਰੀ ਭਉ ਤਾਂ ਨਿਰਭਉ ਨਿਰੰਕਾਰੀ ਨਾਮ ਦੇ ਜਪਣ ਕਰਕੇ ਉਸ ਅਵਸਥਾ ਤੋਂ ਉਰੇ ਉਰੇ ਹੀ ਮਿਟ ਮਿਟਾ ਜਾਂਦੇ ਹਨ। ਜੈਸੇ ਕਿ : ਨਿਰਭਉ ਜਪੈ ਸਗਲ ਭਉ ਮਿਟੈ ॥੭॥੨੨॥ (੨੯੩)

ਅਤੇ–ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥ (੧੧)

ਅਤੇ–ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥ (੩੧੦)

ਆਦਿਕ ਗੁਰ-ਪ੍ਰਮਾਣਾਂ ਦੇ ਭਾਵ ਤੋਂ ਸਿਧ ਹੈ। ਏਸੇ 'ਭਉ' ਦਾ ਅਰਥ ਭਾਈ ਨੰਦ ਲਾਲ ਜੀ 'ਅਦਬ' ਕਰਦੇ ਹਨ ਅਤੇ ਏਸ ਅਦਬ (ਭਉ) ਦੀ ਮਹਿਮਾ ਜੋ ਭਾਈ ਸਾਹਿਬ ਜੀ ਕਰਦੇ ਹਨ ਉਹ ਇੰਨ ਬਿੰਨ ਉਹਨਾਂ ਦੇ ਆਪਣੇ ਪਦਾਂ ਵਿਚ ਵਰਨਣ ਕੀਤੀ ਇਸ ਪ੍ਰਕਾਰ ਹੈ :–

(੧) ਤਾਲਬਾਨਿ ਹੱਕ ਹਮੇਸ਼ਹ ਬਾ-ਅਦਬ । ਬਾ-ਅਦਬ ਬਾਸ਼ੰਦ ਦਾਇਮ ਬਾ-ਅਦਬ।੩੧੬।
(੨) ਬੇ-ਅਦਬ ਰਾ ਕੈ ਜ਼ਿ ਰਾਹੇ ਸ਼ਾਂ ਖ਼ਬਰ । ਬੇ-ਅਦਬ ਅਜ਼ ਹੱਕ ਹਮੇਸ਼ਹ ਬੇ-ਖ਼ਬਰ ।੩੧੭।
(੩) ਬੇ-ਅਦਬ ਹਰਗਿਜ਼ ਬ-ਹੱਕ ਰਾਹੇ ਨ-ਯਾਫ਼ਤ । ਰਾਹਿ ਹੱਕ ਰਾ ਹੇਚ ਗੁਮਰਾਹੇ ਨ-ਯਾਫ਼ਤ ।੩੧੮।
(੪) ਹਾਦੀਏ ਰਾਹੇ ਖ਼ੁਦਾ ਆਮਦ ਅਦਬ। ਬੇ-ਅਦਬ ਖ਼ਾਲੀ-ਸਤ ਅਜ਼ ਅਲਤਾਫ਼ਿ ਰੱਬ ।੩੧੯।
(੫) ਬੇ-ਅਦਬ ਰਾਹੇ ਖ਼ੁਦਾ ਕੈ ਦਾਨਦਸ਼ । ਹਰ ਕਿਰਾ ਕਹਿਰੇ ਖ਼ੁਦਾ ਮੇ ਰਾਨਦਸ਼ ।੩੨੦।
(੬) ਦਰ ਪਨਾਹੇ ਸਾਯਾ-ਏ ਮਰਦਾਨੇ ਹੱਕ। ਗਰ ਰਵਦ ਆਂ ਜਾ ਅਦਬ ਯਾਬਦ ਸਬਕ ।੩੨੧।
(੭) ਬੇ-ਅਦਬ ਆਂ ਜਾ ਅਦਬ ਆਮੋਜ਼ ਸ਼ੁਦ । ਈਂ ਚਰਾਗ਼ੇ ਗੁਲ ਜਹਾਂ ਅਫ਼ਰੋਜ਼ ਸ਼ੁਦ ।੩੨੨।
(੮) ਐ ਖ਼ੁਦਾ ! ਹਰ ਬੇ-ਅਦਬ ਰਾ ਦੇਹ ਅਦਬ। ਤਾ ਗੁਜ਼ਾਰਦ ਉਮਰ ਅੰਦਰ ਯਾਦੇ ਰੱਬ ।੩੨੩।
(੯) ਈਂ ਅਦਬ ਤਾ ਜ਼ੇਸਤ ਬਰ ਅਫ਼ਰਾਕੇ ਕਸ । ਆਂ ਕਿ ਗ਼ਾਫ਼ਿਲ ਨੇਸਤ ਅਜ਼ ਹੱਕ ਯੱਕ ਨਫ਼ਸ।੩੨੪।

ਭਾਈ ਨੰਦ ਲਾਲ ਜੀ, ਜ਼ਿੰਦਗੀਨਾਮਹ

ਭਾਈ ਨੰਦ ਲਾਲ ਜੀ ਦੇ ਇਨ੍ਹਾਂ ਬਚਨਾਂ ਦੇ ਭਾਵ-ਅਰਥ ਨੰਬਰਵਾਰ ਇਸ ਪ੍ਰਕਾਰ ਹਨ :–

(੧) ਸੱਚੇ ਸਾਈਂ (ਅਕਾਲ ਪੁਰਖ) ਦੇ ਜੋ ਲੋੜਨ ਵਾਲੇ (ਤਲਬਗਾਰ) ਹਨ ਓਹਨਾਂ ਦੀ ਰਹਿਣੀ ਸਦਾ ਅਦਬ (ਭੈ-ਭਾਵਨੀ) ਵਾਲੀ ਹੁੰਦੀ ਹੈ ਅਤੇ ਓਹ ਏਸ ਅਦਬ (ਭੈ ਭਾਉ) ਨੂੰ ਅੰਦਰ ਵਸਾ ਕੇ ਕਰਤਾਰ ਸਿਰਜਨਹਾਰ ਦਾ ਸਿਮਰਨ ਚਿੰਤਨ ਕਰਦੇ ਹਨ।

(੨) ਜਿਹੜੇ ਬੇਅਦਬ (ਭੈ-ਭਾਵਨੀ ਰਹਿਤ) ਹਨ ਓਹਨਾਂ ਨੂੰ ਉਕਤ ਅਦਬ ਵਾਲੇ ਰੱਬੀ ਬੰਦਿਆਂ ਦੇ ਹਾਲ ਦੀ ਕੀ ਸਾਰ ? ਬੇਅਦਬ ਸੱਚੇ (ਸਾਈਂ) ਦੀ ਪਛਾਣ ਵਲੋਂ ਸਦਾ ਦ੍ਰਿਸ਼ਟਿ-ਹੀਣ ਹੀ ਰਹਿੰਦੇ ਹਨ।

(੩) ਬੇਅਦਬ ਨੂੰ ਕਦੇ ਭੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ ਅਤੇ ਮਾਰਗ ਤੋਂ ਘੁੱਥੇ ਹੋਏ ਕਿਸੇ ਪ੍ਰਾਣੀ ਦੀ ਪਹੁੰਚ ਸੱਚੇ ਸਾਈਂ ਤੀਕ ਨਹੀਂ ਹੋ ਸਕਦੀ।

(੪) ਇਸ ਸੱਚੇ ਮਾਰਗ ਦਾ (ਰੱਬ ਦੀ ਦਰਗਾਹ ਤਾਈਂ ਪੁਚਾਵਣਹਾਰਾ) ਰਾਹਬਰ ਇਹ ਅਦਬ ਹੈ। ਜੋ ਬੇਅਦਬ ਹੈ ਉਹ ਰੱਬ ਦੀਆਂ ਰਹਿਮਤਾਂ ਤੋਂ ਖ਼ਾਲੀ (ਵਾਂਜਿਆਂ) ਰਹਿੰਦਾ ਹੈ।

(੫) ਬੇਅਦਬ ਪੁਰਸ਼ ਪ੍ਰਮਾਤਮਾ ਦੇ ਪਾਉਣ ਦੇ ਤ੍ਰੀਕੇ ਨੂੰ ਕਦ ਜਾਣ ਸਕਦਾ ਹੈ ? (ਅਰਥਾਤ ਕਦੇ ਨਹੀਂ ਜਾਣ ਸਕਦਾ),ਜਿਸ ਨੂੰ ਕਿ ਉਸ ਦੇ ਕਹਿਰ ਨੇ ਪਛਾੜ ਲਤਾੜ ਛਡਿਆ ਹੋਵੇ।

(੬) ਜੇ ਤੂੰ ਪ੍ਰਮੇਸ਼ਰ ਦੇ ਪਿਆਰਿਆਂ ਗੁਰਮੁਖ ਜਨਾਂ ਦੀ ਸ਼ਰਣ ਸੰਗਤ ਦੇ ਪ੍ਰਭਾਵ ਤਲੇ ਜਾ ਕੇ ਵਾਸਾ ਪਾਵੇਂ ਤਾਂ ਓਥੇ ਤੈਨੂੰ ਏਸ ਅਦਬ ਦੀ ਸੰਥਾ ਮਿਲੇ।

(੭) ਓਥੇ ਜਾ ਕੇ ਬੇਅਦਬ (ਭੈ ਭਾਵਨੀ ਹੀਣੇ) ਪੁਰਖ ਭੀ ਅਦਬਾਂ ਵਾਲਾ (ਭੈ-ਭਾਵਨੀ ਵਾਲਾ) ਬਣ ਜਾਂਦਾ ਹੈ। ਇਹ ਦੀਵਾ ਫਿਰ ਸਾਰੇ ਜਹਾਨ ਵਿਚ ਉਜਾਲਾ ਕਰਨ ਵਾਲਾ ਹੋ ਜਾਂਦਾ ਹੈ।



www.AKJ.Org

(੮) ਹੇ ਅਕਾਲ ਪੁਰਖ ਪ੍ਰਮਾਤਮਾ ! ਹਰੇਕ ਬੇਅਦਬ ਪੁਰਸ਼ ਨੂੰ ਅਦਬ ਦਾਨ ਦੇਹ । ਜਾਂ ਤੇ ਉਹ ਆਪਣੀ ਸਾਰੀ ਆਯੂ ਤੇਰੀ ਭਾਉ-ਭਗਤੀ (ਸਿਮਰਨ) ਅੰਦਰ ਬਤੀਤ ਕਰੇ ।

(੯) ਇਹ ਅਦਬ ਉਸ ਪ੍ਰਾਣੀ ਦੇ ਸੀਸ ਦਾ ਤਾਜ ਹੈ ਜੋ ਕਿ ਨਿਮਖ ਸੁਆਸ ਮਾਤ੍ਰ ਭੀ ਸੱਚੇ ਸਿਰਜਨਹਾਰ (ਦੀ ਯਾਦ) ਤੋਂ ਗ਼ਾਫ਼ਿਲ ਨਹੀਂ ।

ਇਹ ਭੈ ਹੀ ਹੈ ਜੋ ਬੰਦੇ ਨੂੰ ਬੰਦਗੀ ਅੰਦਰ ਸਦਾ ਨਿਰਮਾਣ ਅਤੇ ਨਿਰਵਿਕਾਰ ਰਖਦਾ ਹੈ । ਭੈ ਅਦਬਾਂ ਵਾਲੇ ਬੰਦੇ ਜਿਉਂ ਜਿਉਂ ਬੰਦਗੀ (ਭਾਉ ਭਗਤੀ) ਕਰਦੇ ਹਨ, ਤਿਉਂ ਤਿਉਂ ਸਗੋਂ ਹੋਰ ਨੀਵੇਂ ਹੁੰਦੇ ਜਾਂਦੇ ਹਨ । ਉਹ ਆਪਾ ਕਦੇ ਨਹੀਂ ਜਣਾਉਂਦੇ, ਅਤੇ ਸਰਬ ਦੀ ਰੇਣਕਾ ਹੋ ਕੇ ਰਹਿੰਦੇ ਹਨ । ਉਹਨਾਂ ਦਾ ਮਨ ਸਦਾ ਨੀਵਾਂ ਰਹਿੰਦਾ ਹੈ । ਇਹ, ਉਹਨਾਂ ਦਾ ਉਚ ਮਤਾ ਹੈ । ਯਥਾ ਗੁਰਵਾਕ—

ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥੬॥੩॥

ਗਉੜੀ ਸੁਖਮਨੀ ਮ: ੫, ਪੰਨਾ ੨੬੬

ਏਸ ਗੁਰਮਤਿ ਭੈ-ਭਾਵਨੀ ਬਿਰਤਿ ਤੋਂ ਕਦੇ ਸੁੰਞਾ ਨਾ ਹੋਵੇ । ਏਥੋਂ ਸੁੰਞਾ ਹੋਇਆ ਤੇ ਥਿੜਕਿਆ । ਤਾਂ ਹੀ ਏਸ ਭੈ-ਭਾਵਨੀ ਨੂੰ ਭਾਈ ਨੰਦ ਲਾਲ ਜੀ ਨੇ 'ਰਾਹੇ ਖ਼ੁਦਾ' ਦਾ 'ਹਾਦੀ' ਦਸਿਆ ਹੈ । ਇਹ ਭੈ ਜਗਿਆਸੂ ਨੂੰ ਪਾਪ ਵਿਚ ਪ੍ਰਵਿਰਤ ਹੋਣੋਂ ਬਚਾਉਂਦਾ ਹੈ । ਇਹ ਭੈ ਹੀ ਹੈ ਜੋ ਉਸ ਨੂੰ ਸਦਾ ਕੁਕਰਮਾਂ ਤੋਂ ਹੋੜਦਾ ਹਟਕਦਾ ਰਹਿੰਦਾ ਹੈ । ਜਿਸ ਜਗਿਆਸੂ ਦੇ ਸੀਸ ਉਤੇ ਅਕਾਲ ਪੁਰਖ ਦੇ ਇਸ ਭੈ ਦਾ ਤਾਜ ਹੈ, ਉਹ ਸਦਾ ਹੀ ਸਿਮਰਨ ਭਜਨ ਅੰਦਰ ਸੁਰਜੀਤ ਰਹਿੰਦਾ ਹੈ । ਤਾਂ ਤੇ ਇਸ ਭੈ-ਭਾਵਨੀ ਵਾਲਾ ਗੁਰਮੁਖ ਸਿਖ ਹੋਣਾ ਬਿਬੇਕੀ ਸਿੰਘ ਦੀ ਇਕ ਅਮੁਲ ਗੁਣ ਨਿਸ਼ਾਨੀ ਹੈ । ਭੈ ਦੇ ਪ੍ਰਭਾਵ ਕਰਕੇ ਪਿਛੇ ਦਸੇ ਅਨੁਸਾਰ ਗੁਰਮਤਿ ਜਗਿਆਸੂ ਨਿਸਪਾਪ ਅਤੇ ਸ਼ੁਭ-ਕਰਮੀ ਹੋ ਜਾਂਦਾ ਹੈ । ਇਸ ਕਰਕੇ ਉਹ ਜਮ-ਦੰਡ ਦੀ ਕਾਣ ਤੋਂ ਵੀ ਰਹਿਤ ਹੁੰਦਾ ਹੋਇਆ, ਨਰਕ-ਗਾਮੀ ਹੋਣੋਂ ਸਦਾ ਲਈ ਬਚ ਜਾਂਦਾ ਹੈ । ਅਤੇ ਉਸ ਦੇ ਸ਼ੁਭ ਕਰਮ ਹੁੰਦੇ ਹਨ ਇਸ ਕਰਕੇ ਉਸ ਦੀ ਆਤਮ-ਅਵਸਥਾ—

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥੬੩॥ [ਗਉੜੀ ਕਬੀਰ ਜੀ, ਪੰਨਾ ੩੩੭

ਗੁਰਵਾਕ ਦੇ ਹੁਕਮ ਅਨੁਸਾਰੀ ਵਰਤੋਂ ਵਾਲੀ ਹੋ ਜਾਂਦੀ ਹੈ । ਓਹਨਾਂ ਦੀ 'ਏਕੋ ਆਸਾ ਦਰਸ ਪਿਆਸਾ ਆਨ ਨ ਭਾਵੈ'' ਵਾਲੀ ਬਿਰਤੀ ਹੋਣ ਕਰਕੇ ਉਹ ਸਦਾ "ਰਮਈਆ ਗੁਨ ਗਾਈਐ ਜਾ ਤੇ ਪਾਈਐ ਪਰਮ ਨਿਧਾਨੁ''† ਦੇ ਉਚੇ ਬਿਬੇਕ ਦੇ ਕਾਮਵਣਹਾਰੇ ਹੀ ਰਹਿੰਦੇ ਹਨ ਅਤੇ ਇਸ ਕਮਾਈ ਦੇ ਉਚ ਡੰਡੇ ਤੇ ਅਪੜ ਕੇ ਚੜ੍ਹਦੀ ਕਾਲ ਤੇ ਮਸਤੁਲਮਸਤ ਰੰਗਾਂ ਵਿਚ ਰੰਗੇ ਹੋਏ ਅਜਿਹੇ ਸੰਤ ਭਗਤ ਬਿਬੇਕੀ ਜਨਾਂ ਨੂੰ ਹੀ ਇਹ ਕਹਿਣਾ ਸੋਭਦਾ ਹੈ ਕਿ—

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥ ਰਾਮਕਲੀ ਕਬੀਰ ਜੀ, ਪੰਨਾ ੯੬੯

ਬਸ, ਗੁਰਮਤਿ ਭੈ ਦੇ ਬਿਬੇਕ-ਧਾਰੀਆਂ ਦਾ ਇਹ ਸਿਧਾਂਤ ਭੀ ਭੈ ਦੀ ਬਿਬੇਕ ਧਾਰਨਾ ਤੋਂ ਹੀ ਉਪੰਨਾ ਹੈ ਕਿ ਉਹ ਕਾਲ ਦੇ ਭੈ ਤੋਂ ਭੀ ਰਹਿਤ ਹੋ ਜਾਂਦੇ ਹਨ । ਇਹ ਭੈ ਸਾਨੂੰ ਪ੍ਰਿਥਮ ਅਕਾਲ ਪੁਰਖ ਦਾ ਅਦਬ ਸਿਖਾਲਦਾ ਹੈ ਅਤੇ ਅਕਾਲ ਪੁਰਖ ਜਿਹਾ ਹੀ ਅਕਾਲੀ ਬਾਣੀ ਦਾ ਅਦਬ ਅਤੇ ਇਸ ਅਕਾਲੀ ਬਾਣੀ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚੇ ਗੁਰਦੇਵ ਸਮਾਨ ਅਦਬ ਕਰਨਾ ਸਿਖਾਲਦਾ ਹੈ । ਗੁਰਬਾਣੀ ਦੀਆਂ ਪੋਥੀਆਂ ਦਾ ਅਦਬ "ਪੋਥੀ ਪ੍ਰਮੇਸਰ ਕਾ ਥਾਨੁ''* ਦੇ ਗੁਰਵਾਕ ਅਨੁਸਾਰ ਕਰਨਾ ਕਰਾਉਣਾ, ਇਹ ਭੀ ਬਿਬੇਕੀ ਜਨਾਂ ਦਾ ਸੱਚਾ ਭੈ-ਭਾਵਨੀ ਵਾਲਾ ਬਿਬੇਕ ਕਰਮ ਇਸ ਗੁਰਮਤਿ ਭੈ ਧਾਰਨ ਰੂਪੀ ਹੁਕਮ ਕਮਾਵਨ ਤੋਂ ਉਪੰਨਾ ਹੈ ।

[ਪੁਸਤਕ "ਗੁਰਮਤਿ ਬਿਬੇਕ'' ਵਿਚੋਂ

† ਗਉੜੀ ਕਬੀਰ ਜੀ, ਪੰਨਾ ੩੩੭ * ਸਾਰੰਗ ਮਹਲਾ ੫, ਪੰਨਾ ੧੨੨੬



www.AKJ.Org

# ਮਨਮਤਿ ਛਡੋ ਤੇ ਗੁਰਮਤਿ ਧਾਰਨ ਕਰੋ

੧. ਵਿਆਹਾਂ ਸਮੇਂ ਜੈ-ਮਾਲਾ ਪਾਉਣੀ ਨਿਰੋਲ ਮਨਮਤਿ ਹੈ। ਜਿਹਾ ਕੋਰਟ ਵਿਚ ਸਿਹਰੇ ਗਲ ਪਾ ਕੇ 'ਕਾਨੂੰਨੀ ਵਿਆਹ' ਕਰ ਲਿਆ, ਤਿਹੀ ਜੈ-ਮਾਲਾ ਪਾ ਲਈ। ਜੈ-ਮਾਲਾ ਪਾਉਣ ਪਿਛੋਂ ਫਿਰ ਦੁਬਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਾਵਾਂ ਲੈਣ ਦਾ ਭਾਵ ਹੈ ਦੂਜੀ ਵਾਰ ਵਿਆਹ ਕਰਨਾ। ਇਸ ਮਨਮਤਿ ਦਾ ਪੂਰਨ ਬਾਈਕਾਟ ਕਰੋ।

੨. ਵਿਆਹ ਸਮੇਂ ਭੰਗੜੇ ਪਾਉਣੇ ਮਨਮੁਖੀ ਕਰਮ ਹਨ। ਨਿਰਲਜ ਹੋ ਕੇ ਭੂਤਨਿਆਂ ਵਾਂਗ ਤੀਵੀਆਂ ਮਰਦਾਂ ਦਾ ਨਚਣਾ, ਕੀ ਗੁਰਸਿਖਾਂ ਦਾ ਕੰਮ ਹੈ? ਜਿਹੜੇ ਗੁੰਡਿਆਂ ਤੇ ਵੇਸਵਾਵਾਂ ਵਾਲੇ ਪਹਿਰਾਵੇ ਪਹਿਨ ਕੇ ਰਿੱਛਾਂ ਤੇ ਬਾਂਦਰੀਆਂ ਵਾਂਗ ਟਪਦੇ ਆਉਣ, ਉਨ੍ਹਾਂ ਪ੍ਰਤੀ ਪਵਿਤਰ ਬਾਣੀ ਦੁਆਰਾ ਕਹਿਣਾ ਕਿ ਸਾਡੇ ਸਜਣ ਆਏ ਹਨ ਤੇ ਸੱਚੇ ਮੇਲ ਮਿਲੇ ਹਨ, ਸਾਨੂੰ ਇਹ ਬਚਨ ਉਚਾਰਦਿਆਂ ਸ਼ਰਮ ਨਹੀਂ ਆਉਂਦੀ?

੩. ਵਿਆਹਾਂ ਸਮੇਂ ਸ਼ਰਾਬ ਕਬਾਬ ਉਡਾਣੇ ਤੇ ਜੀਅ-ਘਾਤ ਕਰਨ ਦੀ ਗੁਰਮਤਿ ਆਗਿਆ ਨਹੀਂ ਦਿੰਦੀ। ਗੁਰਬਾਣੀ ਉਪਦੇਸ਼ ਕਰਦੀ ਹੈ—

(ੳ) ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦਿ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ (੫੫੪)

(ਅ) ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥ (੧੩੫੦)

੪. 'ਸਿੰਘ' ਅਤੇ 'ਕੌਰ' ਸਾਡੇ ਨਾਵਾਂ ਦੇ ਨਾਲ ਦਸਮੇਸ਼ ਜੀ ਦੀ ਬਖਸ਼ਸ਼ ਹੈ। ਵਿਆਹਾਂ ਦੇ ਕਾਰਡਾਂ ਦੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਨਾ ਲਿਖ ਕੇ ਅਸੀਂ ਗੁਰੂ ਪਾਤਸ਼ਾਹ ਦੀ ਬਖਸ਼ਸ਼ ਤੋਂ ਵਾਂਝੇ ਜਾਂਦੇ ਹਨ।

੫. ਬੱਚਿਆਂ ਨੂੰ ਛੋਟੀ ਉਮਰ ਤੋਂ ਦਸਤਾਰ ਸਜਾਓ ਅਤੇ ਰਹਿਤ ਰਖਣ ਤੇ ਗੁਰਬਾਣੀ ਪੜ੍ਹਾਉਣ ਦੀ ਆਦਤ ਪਾਓ।

੬. ਸਰੀਰ ਦੇ ਸਾਰੇ ਰੋਮ ਕੇਸ ਹਨ ਅਤੇ ਕੇਸਾਂ ਨੂੰ ਕਟਣਾ ਜਾਂ ਲਾਹੁਣਾ ਪਤਿਤ ਕਰਮ ਹੈ। ਪੁਰਾਤਨ ਗੁਰੂ ਕੇ ਸਿਖਾਂ ਨੇ ਖੋਪਰੀਆਂ ਲੁਹਾ ਲਈਆਂ, ਤਨ ਆਰਿਆਂ ਨਾਲ ਚਿਰਵਾ ਲਏ, ਚਰਖੜੀਆਂ ਤੇ ਚੜ੍ਹ ਗਏ, ਨੀਂਹਾਂ ਵਿਚ ਚਿਣੇ ਗਏ, ਪਰ ਗੁਰਸਿਖੀ ਕੇਸਾਂ ਸੁਆਸਾਂ ਨਾਲ ਤੋੜ ਨਿਭਾਈ।

੭. ਦਾੜ੍ਹੇ ਤੇ ਸੀਸ ਦੇ ਕੇਸ ਰੰਗਣੇ ਗੁਰੂ ਕੇ ਸਿਖਾਂ ਲਈ ਵਿਵਰਜਿਤ ਹੈ।

੮. ਪੂਰਨਮਾਸ਼ੀ ਜਾਂ ਹੋਰ ਕੋਈ ਵਰਤ ਰਖਣ ਦੀ ਗੁਰਮਤਿ ਵਿਚ ਮਨਾਹੀ ਹੈ।

੯. ਜੋਤਾਂ ਜਗਾ ਕੇ, ਦੀਵੇ ਬਾਲ ਕੇ ਆਰਤੀ ਕਰਨੀ ਗੁਰ-ਹੁਕਮਾਂ ਦੀ ਉਲੰਘਣਾ ਹੈ।

੧੦. ਸਿਨਮੇ, ਫ਼ਿਲਮਾਂ, ਟੀ. ਵੀ, ਆਦਿਕ ਵੇਖਣੇ ਗੁਰਮਤੀ ਕਰਮ ਨਹੀਂ। ਦਸਮੇਸ਼ ਜੀ ਦਾ ਹੁਕਮ ਹੈ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕੈ ਆਵਤ ਲਾਜਾ ॥

ਨਾਟਕਾਂ ਸਿਨਮਿਆਂ ਦੇ ਆਸ਼ਕ ਗੁਰਬਾਣੀ ਦੇ ਰਸੀਏ ਨਹੀਂ ਹੋ ਸਕਦੇ। ਨਾਟਕ ਚੇਟਕ ਵੇਖਣ ਨਾਲ ਨੌਜੁਆਨਾਂ ਦੇ ਆਚਰਨ ਨਸ਼ਟ ਹੋ ਰਹੇ ਹਨ।

੧੧. ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣੀਆਂ, ਕਮਰਿਆਂ ਵਿਚ ਲਗਾਉਣੀਆਂ ਅਤੇ ਉਨ੍ਹਾਂ ਦੀ ਪੂਜਾ ਕਰਨੀ ਬੁੱਤ-ਪ੍ਰਸਤੀ ਹੈ। ਹੁਕਮ ਤਾਂ ਇਹ ਹੈ—"ਗੁਰ ਮੂਰਤਿ ਗੁਰ ਸਬਦੁ ਹੈ"।

੧੨. ਦੰਭੀਆਂ ਪਖੰਡੀਆਂ ਸਾਧਾਂ ਸੰਤਾਂ ਮਹੰਤਾਂ ਮਗਰ ਨਾ ਭਟਕੋ। ਸੱਚਾ ਸੰਤ ਸਤਿਗੁਰ ਨਾਨਕ ਹੀ ਹੈ, ਹੋਰ ਕੋਈ ਨਹੀਂ।



www.AKJ.Org

# ਅਸਚਰਜ ਸ਼ਰਧਾ

[ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ]

ਇਸ ਲੇਖ ਬਾਰੇ ਪ੍ਰੋਫੈਸਰ ਸਾਹਿਬ ਸਿੰਘ ਜੀ ਆਪ ਹੀ ਲਿਖਦੇ ਹਨ—"ਆਤਮਕ ਜੀਵਨ ਦਾ ਰਸਤਾ ਪਹਾੜੀ ਰਸਤਾ ਹੈ, ਬੜਾ ਔਖਾ ਰਸਤਾ ਹੈ। ਕਿਸੇ ਸੁਆਰਥ ਵਿਚ ਫਸ ਕੇ ਧਰਮੀ ਮਨੁਖ ਭੀ ਕਈ ਵਾਰੀ ਅਜਿਹਾ ਠੇਡਾ ਖਾ ਜਾਂਦਾ ਹੈ ਕਿ ਆਪਣੇ ਦੀਨ-ਦੁਨੀਆ ਦੇ ਵਾਲੀ ਪਾਤਿਸ਼ਾਹ ਦੇ ਪਵਿਤਰ ਅਸਥਾਨ ਦੀ ਘੋਰ ਬੇਅਦਬੀ ਕਰਨ ਤੋਂ ਭੀ ਨਹੀਂ ਝਕਦਾ, ਤੇ, ਇਸ ਤਰ੍ਹਾਂ ਉਚੀ ਪਹਾੜੀ ਉਤੇ ਚੜ੍ਹਦਾ ਚੜ੍ਹਦਾ ਠੇਡਾ ਖਾ ਕੇ ਮਨਮੁਖਤਾ ਦੀ ਖੱਡ ਵਿਚ ਜਾ ਡਿਗਦਾ ਹੈ। ਹਰੇਕ ਆਤਮ-ਪਾਂਧੀ ਨੂੰ ਇਹ ਪੰਥ-ਬੀਤੀ ਘਟਨਾ ਸੁਚੇਤ ਰਹਿਣ ਵਿਚ ਮਦਦ ਦੇ ਸਕੇਗੀ।"

੯ ਜੁਲਾਈ ੧੯੨੫ ਦਾ ਦਿਹਾੜਾ ਸਿੱਖ ਗੁਰਦੁਆਰਾ-ਇਤਿਹਾਸ ਵਿਚ ਖ਼ਾਸ ਤੌਰ ਤੇ ਚੇਤੇ ਰੱਖਣ ਵਾਲਾ ਹੈ।

ਗੁਰਦੁਆਰਿਆਂ ਵਲੋਂ ਸਿੱਖ ਕੌਮ ਦੀ ਲੰਮੀ ਗ਼ਫ਼ਲਤ ਦੇ ਕਾਰਨ ਗੁਰਦੁਆਰਿਆਂ ਦੇ ਸੇਵਾਦਾਰ ਆਪਣੇ ਆਪ ਨੂੰ ਗੁਰ-ਅਸਥਾਨਾਂ ਦੇ ਮਾਲਕ ਸਮਝਣ ਲੱਗ ਪਏ ਸਨ। ਤੇ ਕਈ ਗੁਰਦੁਆਰਿਆਂ ਦੇ ਸੇਵਕ 'ਸਿਰ ਤੇ ਨਾ ਕੁੰਡਾ, ਹਾਥੀ ਫਿਰਦਾ ਲੁੰਡਾ' ਦੇ ਅਖਾਣ ਅਨੁਸਾਰ ਮਨ-ਮੰਨੀਆਂ ਮੌਜਾਂ ਵਿਚ ਦਿਨ ਗੁਜ਼ਾਰਨੇ ਹੀ ਆਪਣਾ ਜੀਵਨ-ਕਰਤੱਬ ਮਿਥ ਬੈਠੇ ਸਨ।

ਇਸ ਵਿਚ ਕਿਸੇ ਦਾ ਕੋਈ ਖ਼ਾਸ ਦੋਸ਼ ਭੀ ਨਹੀਂ ਕਿਹਾ ਜਾ ਸਕਦਾ, ਕਿਸੇ ਨੂੰ ਭੰਡਿਆ ਭੀ ਨਹੀਂ ਜਾ ਸਕਦਾ। ਕੋਈ ਭੀ ਮਨੁੱਖ ਜਾਣ-ਬੁੱਝ ਕੇ ਵਿਕਾਰਾਂ-ਕੁਕਰਮਾਂ ਦੇ ਟੋਏ ਵਿਚ ਪੈ ਕੇ ਆਪਣੀ ਜੀਵਨ-ਨਈਆ ਨੂੰ ਡੋਬਣਾ ਨਹੀਂ ਚਾਹੁੰਦਾ। ਇਸ ਜੀਵਨ-ਅਖਾੜੇ ਵਿਚ ਢੋ ਹੀ ਐਸੇ ਢੁਕ ਪੈਂਦੇ ਹਨ ਕਿ ਕੁਸੰਗ ਮਿਲ ਜਾਣ ਕਰਕੇ ਬੇ-ਮਲੂਮੇ ਜਿਹੇ ਹੀ, ਮਨੁੱਖ ਵਿਕਾਰਾਂ ਦੀ ਮਾਰ ਹੇਠ ਆ ਜਾਂਦਾ ਹੈ।

ਸਾਡੇ ਸਤਿਗੁਰੂ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੀ ਹੈ—

ਕੋਈ ਜਾਣੁ ਨ ਭੂਲੈ ਭਾਈ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸਹਿ ਬੁਝਾਈ ॥ਰਹਾਉ॥(੮॥੪) [ਪ੍ਰਭਾਤੀ

ਪਿਛਲੇ ਲਿਖੇ ਅੱਖਰਾਂ ਨੂੰ ਹੀ ਮਨੁੱਖ ਮੁੜ ਮੁੜ ਗਾਉਂਦਾ ਹੈ, ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਨੂੰ ਹੀ ਪਿਆਰਦਾ ਹੈ। ਜਦ ਕਦੇ ਜੀਵਨ-ਸਫ਼ਰ ਵਿਚ ਉਹਨਾਂ ਸੁੱਤੇ ਹੋਏ ਸੰਸਕਾਰਾਂ ਨੂੰ ਜਾਗ ਪੈਣ ਦਾ ਅਵਸਰ ਮਿਲਦਾ ਹੈ, ਤਾਂ ਉਹ ਇਕ-ਦਮ ਮਨੁੱਖ ਦੀ ਅਕਲ ਦੁਆਲੇ ਝੁਰਮਟ ਪਾ ਕੇ ਇਸ ਦੀ ਸੁਧ-ਬੁਧ ਭੁਲਾ ਦੇਂਦੇ ਹਨ, ਤੇ ਕਿਸੇ ਸੱਜਰੇ ਕੁਕਰਮ ਦੀ ਨੈਂ ਵਿਚ ਰੋੜ੍ਹ ਲੈ ਜਾਂਦੇ ਹਨ।

ਅਜਿਹੇ ਅਵਸਰ ਵਿਹਲੜ ਮਨੁੱਖ ਦੇ ਜੀਵਨ-ਸਫ਼ਰ ਵਿਚ ਵਧੀਕ ਆਇਆ ਕਰਦੇ ਹਨ। ਕਿਰਤ ਕਾਰ ਵਿਚ ਰੁੱਝੇ ਮਨੁੱਖ ਦੀ ਸੁਰਤ ਕੰਮ-ਧੰਧੇ ਵਿਚ ਜੁੜੀ ਹੋਣ ਕਰਕੇ ਕਿਰਤੀ ਬੰਦੇ ਉਤੇ ਉਹਨਾਂ ਸੰਸਕਾਰਾਂ ਦਾ ਘੱਟ ਦਬਾਉ ਪੈਂਦਾ ਹੈ।

ਗੁਰਦੁਆਰਿਆਂ ਦੇ ਨਾਲ ਜਾਗੀਰਾਂ ਜਾਇਦਾਦਾਂ ਬਥੇਰੀਆਂ ਸਨ। ਮਹੰਤ ਪੁਜਾਰੀ ਸੱਜਣਾਂ ਨੂੰ ਰੋਜ਼ੀ ਵਲੋਂ ਕੋਈ ਧੋਖਾ ਨਹੀਂ ਸੀ, ਕਿਰਤ-ਕਾਰ ਕਰਨ ਦੀ ਉਹਨਾਂ ਨੂੰ ਕੋਈ ਲੋੜ ਨਹੀਂ ਸੀ, ਆਦਰ-ਮਾਣ-ਸਤਕਾਰ ਭੀ ਬਥੇਰਾ ਹਾਸਲ ਸੀ, ਕਿਉਂਕਿ ਭੋਲੇ ਲੋਕ ਇਹਨਾਂ ਨੂੰ ਗੁਰ-ਅਸਥਾਨਾਂ ਦੇ ਸੇਵਕ ਜਾਣ ਕੇ ਤੇ ਸਤਿਗੁਰੂ ਦੇ ਨੇੜ-ਵਰਤੀ ਸਮਝ ਕੇ ਮੱਥੇ ਭੀ ਆ ਟੇਕਦੇ ਸਨ; ਤੇ ਨਿੱਤ ਨਵੀਆਂ ਭੇਟਾਂ ਭੀ ਲਿਆਉਂਦੇ ਸਨ। ਕਿਰਤ-ਕਾਰ



www.AKJ.Org

ਵਲੋਂ ਖੁਲ੍ਹੀ ਵਿਹਲ ਤੇ ਪੂਜਾ ਪ੍ਰਤਿਸ਼ਟਾ–ਇਹ ਉੱਚ ਜੀਵਨ ਦੇ ਸਦਾ ਤੋਂ ਵੈਰੀ ਤੁਰੇ ਆ ਰਹੇ ਹਨ। ਕੋਈ ਵਿਰਲਾ ਸੂਰਮਾ ਸੰਭਲਦਾ ਹੈ, ਜੋ ਆਪਣਾ ਜੀਵਨ ਉਹਨਾਂ ਭੋਲੇ-ਭਾਲੇ ਲੋਕਾਂ ਦੀ ਭਲਾਈ ਵਾਸਤੇ ਅਰਪਨ ਕਰੇ, ਜਿਨ੍ਹਾਂ ਨੇ ਆਪਣੀ ਹੱਡ ਭੰਨ ਕੇ ਕੀਤੀ ਕਮਾਈ ਸਤਕਾਰ-ਆਦਰ ਨਾਲ ਇਹਨਾਂ ਦੇ ਅੱਗੇ ਰਖ ਕੇ ਇਹਨਾਂ ਨੂੰ ਵਿਹਲ ਦਾ ਅਵਸਰ ਦਿੱਤਾ ਹੁੰਦਾ ਹੈ।

ਗੁਰਦੁਆਰਿਆਂ ਦੇ ਸੇਵਕਾਂ ਦੇ ਸਿਰ ਉਤੇ ਕੋਈ ਕੁੰਡਾ ਨਾ ਰਹਿ ਜਾਣ ਕਰਕੇ ਇਹ ਵਿਚਾਰੇ ਅਨਪੜ੍ਹ ਜਨਤਾ ਨੂੰ ਰਾਹ ਦੱਸਣ ਦੇ ਥਾਂ ਆਪ ਹੀ ਔਝੜੇ ਪੈਂਦੇ ਗਏ। ਇਹਨਾਂ ਵਿਚ ਕਈ ਲੋਕ ਤਾਂ ਇਤਨੇ ਥਿੜਕੇ ਕਿ ਇਹਨਾਂ ਦੇ ਥਿੜਕਣ ਦਾ ਇਹ ਰੋਗ ਭੋਲੀ ਸੁੱਤੀ ਖ਼ਲਕਤ ਲਈ ਦਾਰੂ ਬਣ ਗਿਆ। ਇਹਨਾਂ ਸੇਵਕਾਂ ਦੀ ਗਫ਼ਲਤ ਦੀ ਨੀਂਦ ਦੇ ਘੁਰਾੜਿਆਂ ਨੇ ਲੋਕਾਂ ਨੂੰ ਜਗਾ ਦਿੱਤਾ।

**ਸਿੰਘਾ ਦੀ ਸੂਰਮਤਾ–**

ਪੰਜਾਬ ਦੀ ਸਾਰੀ ਹੀ ਧਰਤੀ ਉਤੇ ਗੁਰਦੁਆਰਿਆਂ ਦਾ ਜਾਲ ਵਿਛਿਆ ਹੋਇਆ ਹੈ। ਸੰਨ ੧੯੨੦ ਵਿਚ ਥਾਂ ਥਾਂ ਕਈ ਗੁਰ-ਅਸਥਾਨਾਂ ਦੇ ਕੁਰਾਹੇ-ਪਏ ਸੇਵਕਾਂ ਦੀਆਂ ਹਿਰਦੇ-ਵੇਧਕ ਉਕਾਈਆਂ ਨੇ ਅਸਥਾਨਕ ਸਿੱਖ-ਜਨਤਾ ਨੂੰ ਟੁੰਬ ਕੇ ਸੁਚੇਤ ਕਰ ਦਿੱਤਾ। ਢੱਠੀ ਹੋਈ ਵਾੜ ਨੂੰ ਮੁੜ ਖੜੀ ਕਰਨ ਲਈ ਖੇਤੀ ਲੱਕ ਬੰਨ੍ਹ ਖਲੋਤੀ। ਪਿੰਡ ਪਿੰਡ, ਹਲਕੇ ਹਲਕੇ ਥਾਣੇ ਥਾਣੇ ਦੇ ਇਲਾਕੇ ਵਿਚ ਅਕਾਲੀ ਜੱਥੇ ਬਣਨੇ ਸ਼ੁਰੂ ਹੋ ਗਏ। ਜੋਸ਼ ਦਾ ਹੜ ਆ ਗਿਆ। ਜਾਗੀ ਸਿੱਖ-ਜਨਤਾ ਦਾ ਸਮੁੰਦਰ ਠਾਠਾਂ ਮਾਰਨ ਲੱਗ ਪਿਆ। ਇਹ ਹੜ ਸਿਰਫ਼ ਗੁਰਦਵਾਰਿਆਂ ਵਿਚੋਂ ਗੰਦ-ਮੰਦ ਰੋੜ੍ਹਨ ਲਈ ਆਇਆ ਸੀ। ਕਰਤਾਰ ਦੀ ਮਿਹਰ ਦਾ ਸਦਕਾ ਮੇਘ ਜੀਆਂ ਲਈ ਅੰਨ-ਧਨ ਪੈਦਾ ਕਰਨ ਲਈ ਵਰ੍ਹਦੇ ਹਨ, ਪਰ ਜਦੋਂ ਕਾਂਗ ਆਉਂਦੀ ਹੈ ਤਾਂ ਉਹ ਵੱਸਦੇ ਪਿੰਡਾਂ ਦੇ ਪਿੰਡ ਭੀ ਰੋੜ੍ਹ ਕੇ ਲੈ ਜਾਂਦੀ ਹੈ। ਉੱਜੜਿਆਂ ਨੂੰ ਵਸਾਣ ਆਈ ਵਰਖਾ ਵੱਸਦਿਆਂ ਨੂੰ ਭੀ ਉਜਾੜ ਜਾਂਦੀ ਹੈ।

ਸੁੱਤੀ ਜਨਤਾ ਦੀ ਨੀਂਦਰ ਤੋਂ ਰੰਗ-ਰਲੀਆਂ ਮਨਾਣ ਵਾਲਿਆਂ ਨੂੰ ਘਬਰਾਹਟ ਪੈ ਗਈ ਕਿ ਇਹ ਹੜ ਗੁਰਦੁਆਰਿਆਂ ਦੇ ਪਰਬੰਧ ਦੀ ਸੋਧ ਕਰਕੇ ਕਿਤੇ ਗਰੀਬੀ ਤੇ ਅਨਪੜ੍ਹਤਾ ਦੀਆਂ ਖੜੀਆਂ ਕੀਤੀਆਂ ਚਟਾਨਾਂ ਨੂੰ ਭੀ ਢਾਹ ਨਾ ਲਾ ਦੇਵੇ। ਜਹਾਂਗੀਰ ਨੂੰ ਭੀ ਗੁਰੂ ਨਾਨਕ ਪਾਤਿਸ਼ਾਹ ਤੇ ਉਸ ਦੇ ਜਾ-ਨਸ਼ੀਨਾਂ ਦੇ ਲਿਆਂਦੇ ਹੜ ਤੋਂ ਇਹੀ ਫ਼ਿਕਰ ਪਿਆ ਸੀ। ਸੋ, ਬਿਦੇਸ਼ੀ ਸਰਕਾਰ ਨੇ ਸਿੱਖ ਕੌਮ ਦੇ ਗੁਰ-ਅਸਥਾਨਾਂ ਦੇ ਸੇਵਕਾਂ ਨੂੰ ਜਾਗ ਪਈ ਸਿੱਖ-ਕੌਮ ਦੇ ਟਾਕਰੇ ਤੇ ਅੜਨ ਲਈ ਸ਼ਹਿ ਦਿੱਤੀ। ਇਹ ਇਕ ਕੁਦਰਤੀ ਗੱਲ ਸੀ। ਰਣ ਤੱਤਾ ਹੋ ਪਿਆ। ਸੂਰਮਿਆਂ ਨੂੰ ਲਾਲੀਆਂ ਚੜ੍ਹ ਆਈਆਂ। ਪੰਜਾਬ ਦੀ ਧਰਤੀ ਦੇ ਚੱਪੇ ਚੱਪੇ ਤੋਂ ਇਹੀ ਗੂੰਜ ਪੈਣ ਲੱਗ ਪਈ :–

ਸਿਰੁ ਧਰਿ ਤਲੀ ਗਲੀ ਮੇਰੀ ਆਉ। ਸਿਰੁ ਧਰਿ ਤਲੀ, ਗਲੀ ਮੇਰੀ ਆਉ।

ਕਈ ਥਾਈਂ ਮੋਰਚੇ ਲੱਗੇ। ਤਲੀ ਉਤੇ ਸਿਰ ਰੱਖ ਕੇ ਆਏ ਸਿੰਘਾਂ ਨੇ ਕਿਸੇ ਭੀ ਮੋਰਚੇ ਤੋਂ ਪੈਰ ਪਿਛਾਂਹ ਨਾ ਹਟਾਇਆ। ਜਿਉਂ ਜਿਉਂ ਵਿਰੋਧੀ ਧੜੇ ਨੂੰ ਲਾਜ ਪੈਂਦੀ ਗਈ, ਤਿਉਂ ਤਿਉਂ ਅਗਲਾ ਮੋਰਚਾ ਵਧੀਕ ਕਰੜਾ ਹੁੰਦਾ ਗਿਆ। ਗੁਰੂ ਕੇ ਬਾਗ਼ ਦੇ ਮੋਰਚੇ ਉਤੇ ਸਿੰਘਾਂ ਨੂੰ ਪੈਂਦੀ ਬੇ-ਦਰਦੀ ਦੀ ਮਾਰ ਅਤੇ ਸਿੰਘਾਂ ਦੀ ਸ਼ਾਂਤ-ਮਈ ਤੇ ਸਹਿਨ-ਸ਼ੀਲਤਾ ਨੇ ਸਾਰੀ ਧਰਤੀ ਹੀ ਹਿਲਾ ਦਿੱਤੀ। ਅਮਰੀਕਾ ਤਕ ਤੋਂ ਲੋਕ ਵੇਖਣ ਆਉਣ ਲੱਗ ਪਏ। ਵੈਰੀ ਨੇ ਆਪਣੀ ਇਸ ਬੇ-ਰਹਿਮੀ ਨੂੰ ਨਸ਼ਰ ਹੁੰਦਿਆਂ ਵੇਖ ਕੇ ਪੈਂਤੜਾ ਬਦਲ ਦਿੱਤਾ। ਸਿੰਘਾਂ ਦੀ ਗ੍ਰਿਫ਼ਤਾਰੀ ਸ਼ੁਰੂ ਹੋ ਗਈ। ਇਧਰੋਂ ਇਕ ਇਕ ਸੌ ਦਾ ਰੋਜ਼ਾਨਾ ਜੱਥਾ ਜਾਣ ਲੱਗ ਪਿਆ। ਅੰਮ੍ਰਿਤਸਰ ਦੀ ਜੇਲ੍ਹ ਤੇ ਗੋਬਿੰਦ ਗੜ੍ਹ ਦੇ ਕਿਲ੍ਹੇ ਦੇ ਨਾਲ ਬਾਹਰਲੇ ਪਾਸੇ ਬਣਾਈ ਤੰਬੂਆਂ ਦੀ ਜੇਲ੍ਹ ਵਿਚ ਥਾਂ ਨਾ ਰਹਿ ਗਿਆ। ਇਹਨਾਂ ਜੱਥਿਆਂ ਨੂੰ ਅਟਕ ਦੀ ਉਚੇਰੀ ਜੇਲ੍ਹ ਵਿਚ ਲੈ ਜਾਣ ਵਾਸਤੇ ਇਕ ਦਿਨ ਅੱਧੀ ਰਾਤ ਵੇਲੇ ਸਟੇਸ਼ਨ ਵਲ ਤੋਰਿਆ ਗਿਆ। ਸਾਰੀ ਸ੍ਰਿਸ਼ਟੀ ਰਾਤ ਦੀ ਇਕਾਂਤ ਦੀ ਝੋਲੀ ਵਿਚ ਟਿਕੀ ਪਈ ਸੀ। ਪੰਛੀ ਭੀ ਆਪਣੇ ਆਲ੍ਹਣਿਆਂ ਵਿਚ ਮਸਤ ਸੁੱਤੇ ਪਏ ਸਨ। ਸਟੇਸ਼ਨ ਵਲ ਤੁਰੇ ਜਾਂਦੇ ਇਹਨਾਂ ਸਿੰਘਾਂ ਸੂਰਮਿਆਂ ਨੇ ਦਰਦ-ਭਰੀ ਮਿਲਵੀਂ ਸੁਰ ਵਿਚ ਗਾ ਕੇ ਜਰਵਾਣੇ ਨੂੰ ਇਉਂ ਸਮਝਾਣਾ ਸ਼ੁਰੂ ਕੀਤਾ :–



www.AKJ.Org

ਕਿਉਂ ਜ਼ੁਲਮ ਕਮਾਨਾ ਏਂ ? ਜ਼ਾਲਮਾ ! ਰਾਜ ਸਦਾ ਨਹੀਂ ਰਹਿਣਾ ।
ਕਿਉਂ ਜ਼ੁਲਮ ਕਮਾਨਾ ਏਂ ? ਜ਼ਾਲਮਾ ! ਰਾਜ ਸਦਾ ਨਹੀਂ ਰਹਿਣਾ ।

[ਨੋਟ :–ਮੈਂ ਤਦੋਂ ਇਸ ਮੋਰਚੇ ਵੇਲੇ ਸਾਥੀਆਂ ਸਮੇਤ ਅੰਮ੍ਰਿਤਸਰ ਦੀ ਜੇਲ੍ਹ ਵਿਚ ਗ੍ਰਿਫਤਾਰ ਸਾਂ। ਸਿੰਘਾਂ ਦਾ ਇਹ ਗੀਤ ਮੈਂ ਉਸ ਵੇਲੇ ਆਪਣੀ ਕੰਨੀਂ ਸੁਣਿਆ ਸੀ।]

ਅੱਧੀ ਰਾਤ ਦੀ ਇਕਾਂਤ ਵਿਚ ਸਟੇਸ਼ਨ ਵਲ ਜਾ ਰਹੇ ਉਹਨਾ ਸਿੰਘਾਂ ਦਾ ਰਲ ਕੇ ਗਾਉਣਾ ! ਧਰਤੀ ਕੰਬ ਗਈ । ਕਾਇਰਾਂ ਦੇ ਦਿਲ ਭੀ ਹਿੱਲ ਖਲੋਤੇ ।

**ਕਾਹਲੀ ਅੱਗੇ ਟੋਏ–**

੯ ਜੁਲਾਈ ੧੯੨੫ ਨੂੰ ਪੰਥ ਦੇ ਗੁਰਦੁਆਰਿਆਂ ਦਾ ਪਰਬੰਧ ਸਿੱਖ ਕੌਮ ਦੇ ਆਪਣੇ ਹੱਥ ਵਿਚ ਆ ਗਿਆ। ਪਰ ਉਸ ਵੇਲੇ ਦੀ ਪੰਥਕ ਜੱਥੇਬੰਦੀ ਨੂੰ ਪੰਥਕ ਆਗੂਆਂ ਦੇ ਉਸ ਦਿਨ ਦੇ ਕਾਹਲੀ ਦੇ ਚੁੱਕੇ ਕਦਮ ਨੇ ਬੜੀ ਹੀ ਕਾਰੀ ਸੱਟ ਭੀ ਮਾਰ ਦਿੱਤੀ।

ਗੁਰਦੁਆਰਾ-ਕਾਨੂੰਨ ਪਾਸ ਹੋ ਜਾਣ ਤੇ ਪੰਜਾਬ-ਗਵਰਨਰ ਨੇ ਅਸੈਂਬਲੀ-ਹਾਲ ਵਿਚ ਆ ਕੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਖ਼ੁਸ਼ੀ ਪਰਗਟ ਕੀਤੀ ਕਿ ਹੁਣ ਸਿੱਖ-ਕੌਮ ਵਿਚੋਂ ਗੁਰਦੁਆਰਿਆਂ ਦੇ ਪਰਬੰਧ ਬਾਰੇ ਅਸ਼ਾਂਤੀ ਦੂਰ ਹੋ ਜਾਏਗੀ। ਸਹਿਜ-ਸੁਭਾਇ ਪੋਲੇ-ਮੂੰਹ ਇਹ ਭੀ ਕਹਿ ਦਿਤੋਸੁ ਕਿ ਚੂੰਕਿ ਇਹ ਗੁਰਦਵਾਰਾ-ਕਾਨੂੰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰੀ ਸਲਾਹ-ਸੰਮਤੀ ਨਾਲ ਬਣਿਆ ਹੈ, ਇਹ ਆਸ ਕੀਤੀ ਜਾਂਦੀ ਹੈ ਕਿ ਸਾਰੀ ਸਿੱਖ ਕੌਮ ਇਸ ਨੂੰ ਵਰਤੋਂ ਵਿਚ ਲਿਆਵੇਗੀ ਤੇ ਕਿਸੇ ਭੀ ਗੁਰਦੁਆਰੇ ਉਤੇ ਕਿਸੇ ਭੀ ਜੱਥੇ ਵਲੋਂ ਧੱਕੇ ਨਾਲ ਕਬਜ਼ਾ ਕਰਨ ਦਾ ਜਤਨ ਨਹੀਂ ਕੀਤਾ ਜਾਏਗਾ। ਗੁਰਦੁਆਰਾ-ਅੰਦੋਲਨ ਦੇ ਸੰਬੰਧ ਵਿਚ ਜੋ ਸਿੱਖ ਇਸ ਵੇਲੇ ਜੇਲ੍ਹਾਂ ਵਿਚ ਹਨ, ਉਹਨਾਂ ਵਿਚੋਂ ਜੋ ਜੋ ਸਿੱਖ ਇਸ ਗੁਰਦੁਆਰਾ ਕਾਨੂੰਨ ਉਤੇ ਤੁਰਨ ਦਾ ਇਕਰਾਰ ਲਿਖ ਦੇਵੇ ਉਸ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਜਾਏਗਾ।

ਬੜੇ ਧੀਰਜ, ਸੋਚ-ਵਿਚਾਰ ਤੇ ਸੰਭਲਣ ਦਾ ਵੇਲਾ ਸੀ। ਇਸ ਗੱਲ ਦੀ ਭਾਰੀ ਲੋੜ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾ ਸਿਰ ਜੋੜ ਕੇ ਗਵਰਨਰ ਦੇ ਕਥਨ ਨੂੰ ਵਿਚਾਰਦੇ, ਤੇ ਪੰਥਕ ਜੱਥੇਬੰਦੀ ਨੂੰ ਵੈਰੀ ਵਲੋਂ ਇਸ ਨਵੀਂ ਪਈ ਸੱਟ ਤੋਂ ਬਚਾਣ ਦਾ ਰਸਤਾ ਲੱਭਦੇ। ਪਰ ਬੜੀ ਕਾਹਲੀ ਕੀਤੀ ਗਈ। ਉਥੇ ਗੈਲਰੀ ਵਿਚ ਬੈਠੇ ਹੋਏ ਸ਼੍ਰੋਮਣੀ ਕਮੇਟੀ ਦੇ ਇਕ ਜ਼ਿਮੇਵਾਰ ਸੱਜਣ ਨੇ ਜ਼ਿਮੇਵਾਰੀ ਆਪਣੇ ਹੱਥ ਵਿਚ ਲੈ ਲਈ। ਸਾਥੀ ਆਗੂਆਂ ਨਾਲ ਸਲਾਹ ਕਰਨ ਤੋਂ ਬਿਨਾ ਹੀ ਸ਼ਿਮਲੇ ਬੈਠੇ ਨੇ ਅਖ਼ਬਾਰਾਂ ਦੇ ਪੱਤਰ ਪ੍ਰੇਰਕਾਂ ਨੂੰ ਕਹਿ ਦਿੱਤਾ ਕਿ ਰਿਹਾਈ ਬਾਰੇ ਗਵਰਨਰ ਦੀ ਲਾਈ ਸ਼ਰਤ ਬੜੀ ਹੱਤਕ-ਭਰੀ ਹੈ, ਕੋਈ ਭੀ ਸਿੱਖ ਇਸ ਨੂੰ ਮੰਨ ਕੇ ਜੇਲ੍ਹੋਂ ਬਾਹਰ ਆਉਣ ਲਈ ਤਿਆਰ ਨਹੀਂ ਹੋਵੇਗਾ। ਇਸੇ ਤਰ੍ਹਾਂ ਦਾ ਇਕ ਐਲਾਨ ਅੰਮ੍ਰਿਤਸਰ ਬੈਠੇ ਇਕ ਆਗੂ ਨੇ ਭੀ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਪੁਰਾਣੇ ਹੰਢੇ-ਵਰਤੇ ਨੇਤਾ ਲਾਹੌਰ-ਕਿਲ੍ਹੇ ਦੇ ਅੰਦਰ ਹੀ ਡੱਕੇ ਰਹਿ ਗਏ। ਉਹਨਾਂ ਦੀ ਰਾਇ ਕਿਸੇ ਨੇ ਜਾ ਕੇ ਪਹਿਲਾਂ ਪੁੱਛਣ ਦੀ ਲੋੜ ਹੀ ਪ੍ਰਤੀਤ ਨਾ ਕੀਤੀ। ਤੇ, ਉਹਨਾਂ ਹੀ ਮਹੀਨਿਆਂ-ਬੱਧੀ ਮਿਹਨਤ ਕਰ ਕੇ ਗੁਰਦੁਆਰਾ-ਕਾਨੂੰਨ ਬਣਾਇਆ-ਬਣਵਾਇਆ ਸੀ।

ਅਖ਼ਬਾਰਾਂ ਵਿਚ ਬਿਆਨ ਦੇਣ ਵਾਲੇ ਮੁਖੀਆਂ ਦੇ ਬਿਆਨ ਪੜ੍ਹ ਸੁਣ ਕੇ ਸਿੱਖ-ਜਨਤਾ ਦੇ ਮੂੰਹ ਹੈਰਾਨੀ ਨਾਲ ਅੱਡੇ ਰਹਿ ਗਏ। ਗੁਆਂਢੀ ਕੌਮਾਂ ਦੇ ਸਿਆਣਿਆਂ ਵਿਚ ਭੀ ਇਹ ਗੱਲਾਂ ਹੋਣ ਲੱਗ ਪਈਆਂ ਕਿ ਸਿੱਖ ਬਹਾਦਰਾਂ ਦੀ ਪੁਲਸੀ ਡਾਂਗਾਂ ਤੇ ਗੋਲੀਆਂ ਦੇ ਸਾਹਮਣੇ ਵਿਖਾਈ ਹੋਈ ਸੂਰਮਤਾ ਸ਼ਾਇਦ ਭੰਗ ਦੇ ਭਾੜੇ ਹੀ ਜਾਂਦੀ ਜਾਪਦੀ ਹੈ। ਵੈਰੀਆਂ ਦੀਆਂ ਗੋਲੀਆਂ ਦੇ ਅੱਗੇ ਛਾਤੀ ਡਾਹਣ ਵਾਲਾ ਸ਼ੇਰ-ਮਰਦ ਰਾਜ-ਨੀਤੀ ਦੇ ਅਖਾੜੇ ਵਿਚ ਪੈਂਤੜੇ ਤੋਂ ਉੱਖੜ ਗਿਆ ਜਾਪਣ ਲੱਗ ਪਿਆ।

ਪੂਰੇ ਪੰਜ ਸਾਲ ਜੱਥੇਬੰਦ ਰਹਿ ਕੇ ਵੈਰੀ ਨੂੰ ਆਪਣੀ ਕੁਰਬਾਨੀ ਦੀ ਸ਼ਾਂਤ ਵਿਖਾ ਸਕਣ ਵਾਲੇ ਅੱਜ



www.AKJ.Org

ਜੱਥੇਬੰਦੀ ਦੀ ਬਰਕਤ ਨੂੰ ਭੁਲਾ ਕੇ, ਕੋਈ ਮਿਲਵਾਂ ਫ਼ੈਸਲਾ ਕਰਨ ਤੋਂ ਬਿਨਾ ਹੀ ਕੁਝ ਆਗੂ ਆਪਣੇ ਦਮਗਜੇ ਮਾਰਨ ਲੱਗ ਪਏ। ਜੱਥੇਬੰਦੀ ਦਾ ਲੱਕ ਟੁਟ ਗਿਆ। ਸਿੱਖ-ਜਨਤਾ ਮੂੰਹ ਚੁੱਕ ਕੇ ਲਾਹੌਰ ਕਿਲ੍ਹੇ ਵਿਚ ਡੱਕੇ ਪੰਜਾਹ ਆਗੂਆਂ ਦਾ ਮਿਲਵਾਂ ਸਨੇਹਾ ਉਡੀਕ ਰਹੀ ਸੀ। ਪਰ ਬਾਹਰ ਦੇ ਦਮ-ਗਜਿਆਂ ਨੇ ਕਿਲ੍ਹੇ ਦੀ ਅਵਾਜ਼ ਕਿਲ੍ਹੇ ਦੇ ਅੰਦਰ ਹੀ ਨੱਪ ਦਿੱਤੀ। ਅੱਜ ਪਹਿਲਾ ਮੌਕਾ ਸੀ ਜਦੋਂ ਕੋਈ ਮਿਲਵਾਂ ਫ਼ੈਸਲਾ ਦੇਣ ਤੋਂ ਸੰਕੋਚ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਾਹਰ ਪੰਥ ਵਿਚ ਅੰਦਰੋ-ਅੰਦਰ ਘੋਰ-ਮਸੋਰੇ ਹੋਣ ਲੱਗ ਪਏ। ਪੰਥ ਦੋ ਧੜਿਆਂ ਵਿਚ ਵੰਡਿਆ ਗਿਆ।

ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਇਹ ਬਹਿਸਾਂ ਚੱਲ ਪਈਆਂ। ਇਕ ਧੜਾ ਆਖੇ ਕਿ ਜਦੋਂ ਸਾਡੇ ਮੁਖੀਆਂ ਨੇ ਗੁਰਦੁਆਰਾ-ਕਾਨੂੰਨ ਕਈ ਮਹੀਨੇ ਲਾ ਕੇ ਆਪ ਬਣਾਇਆ-ਬਣਵਾਇਆ ਹੈ, ਤਾਂ ਈਮਾਨਦਾਰੀ ਨਾਲ ਇਸ ਨੂੰ ਮੰਨਣ ਲਈ ਕਿਉਂ ਤਿਆਰ ਨਹੀਂ ਹੁੰਦੇ। ਦੂਜਾ ਧੜਾ ਆਖਦਾ ਸੀ ਕਿ ਗਵਰਨਰ ਦੀ ਲਾਈ ਹੋਈ ਸ਼ਰਤ ਮੰਨ ਕੇ ਬਾਹਰ ਆਉਣਾ ਗਵਰਨਰ ਦੀ ਲੱਤ ਹੇਠੋਂ ਲੰਘਣ ਵਾਲੀ ਗੱਲ ਹੈ। ਖਹਿ-ਖਹਿ ਵਧਦੀ ਗਈ। ਵੈਰੀ ਦੀਆਂ ਡਾਂਗਾਂ ਤੇ ਗੋਲੀਆਂ ਰਲ ਕੇ ਖਾਣ ਵਾਲੇ ਵੀਰ ਅੱਜ ਆਪੋ ਵਿਚ ਹੀ ਇਕ ਦੂਜੇ ਦੇ ਵੈਰੀ ਬਣਨ ਲੱਗ ਪਏ। ਛੇ ਮਹੀਨੇ ਇਸੇ ਖੇਹ-ਖੁਆਰੀ ਵਿਚ ਲੰਘ ਗਏ।

੧੯੨੬ ਸਾਲ ਦਾ ਜਨਵਰੀ ਚੜ੍ਹ ਪਿਆ। ਇਤਨੇ ਨੂੰ ਗਵਰਨਰ ਨੇ ਪੰਥ ਦੀ ਟੁੱਟੀ ਹੋਈ ਜੱਥੇਬੰਦੀ ਉਤੇ ਇਕ ਹੋਰ ਸੱਟ ਮਾਰਨ ਲਈ ਨਵਾਂ ਪੈਂਤੜਾ ਬਦਲ ਲਿਆ। ਐਲਾਨ ਕਰ ਦਿੱਤੋਸੁ ਕਿ ਗੁਰਦੁਆਰਾ-ਕਾਨੂੰਨ ਮੰਨਣ ਬਾਰੇ ਲਿਖਤੀ ਇਕਰਾਰ ਦੇਣ ਦੀ ਲੋੜ ਨਹੀਂ ਹੈ। ਜਿਹੜਾ ਸਿੱਖ ਸਿਰਫ਼ ਜ਼ਬਾਨੀ ਆਖ ਦੇਵੇ ਉਸ ਨੂੰ ਰਿਹਾ ਕੀਤਾ ਜਾਏਗਾ। ਵੈਰੀ ਜਾਣਦਾ ਸੀ ਕਿ ਸਿਖ-ਕੌਮ ਵਿਚ ਫੁੱਟ ਇਤਨੀ ਵਧ ਚੁਕੀ ਹੈ ਕਿ ਉਹ ਮਿਲ ਕੇ ਇਸ ਢਿੱਲੀ ਕੀਤੀ ਗਈ ਸ਼ਰਤ ਨੂੰ ਭੀ ਮੰਨਣ ਲਈ ਤਿਆਰ ਨਹੀਂ ਹੋਣਗੇ।

ਕਿਲ੍ਹੇ ਵਿਚ ਘੋਰ-ਮਸੋਰੇ ਤਾਂ ਪਹਿਲਾਂ ਹੀ ਸ਼ੁਰੂ ਹੋ ਗਏ ਸਨ। ਹੁਣ ਨਵੇਂ ਐਲਾਨ ਦਾ ਆਸਰਾ ਲੈ ਕੇ ਖੁਲ੍ਹਮ-ਖੁਲ੍ਹਾ ਦੋ ਧੜੇ ਹੋ ਗਏ। ਇੱਕ ਧੜੇ ਨੇ ਫ਼ੈਸਲਾ ਕਰ ਲਿਆ ਕਿ ਅਸਾਂ ਆਪ ਹੀ ਕਾਨੂੰਨ ਬਣਾਇਆ-ਬਣਵਾਇਆ ਹੈ, ਇਸ ਨੂੰ ਮੰਨਣ ਲਈ ਜ਼ਬਾਨੀ 'ਹਾਂ' ਕਰਨ ਵਿਚ ਕੋਈ ਭੈੜ ਨਹੀਂ ਹੈ। ਕਿਲ੍ਹੇ ਦੇ ਮੁਖੀਆਂ ਦਾ ਮੁਕੱਦਮਾ ਚੱਲਦਿਆਂ ਢਾਈ ਸਾਲ ਹੋ ਚੁਕੇ ਸਨ। ੧੫ ਜਨਵਰੀ ਨੂੰ ਉਸੇ ਮੈਜਿਸਟਰੇਟ ਦੇ ਸਾਹਮਣੇ ਗੁਰਦੁਆਰਾ-ਕਾਨੂੰਨ ਉਤੇ ਤੁਰਨ ਦੀ 'ਹਾਂ' ਕਰ ਕੇ ਸ਼੍ਰੋਮਣੀ ਮੁਖੀਆਂ ਦਾ ਇੱਕ ਧੜਾ ਬਾਹਰ ਆ ਗਿਆ।

ਉਧਰੋਂ ਬਾਹਰ, ਗਵਰਨਰ ਦੀ ਲਾਈ ਸ਼ਰਤ ਬਾਰੇ ਫ਼ੈਸਲਾ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਸਮਾਗਮ ਭੀ ਦੋ ਤਿੰਨ ਦਿਨਾਂ ਨੂੰ ਹੋਣ ਵਾਲਾ ਸੀ। ਕਿਲ੍ਹੇ ਵਿਚੋਂ ਆਏ ਮੈਂਬਰ ਭੀ ਸ਼ਾਮਲ ਹੋਏ, ਤੇ ਬਹੁ-ਸੰਮਤੀ ਨਾਲ ਫ਼ੈਸਲਾ ਹੋਇਆ ਕਿ ਜ਼ਬਾਨੀ 'ਹਾਂ' ਆਖ ਕੇ ਆਉਣ ਵਿਚ ਕੋਈ ਹਰਜ ਨਹੀਂ।

ਪਰ ਇਹ ਫ਼ੈਸਲਾ ਬਹੁਤ ਹੀ ਪੱਛੜ ਕੇ ਹੋਇਆ। ਧੜੇਬੰਦੀ ਪੱਕੀ ਹੋ ਚੁਕੀ ਹੋਈ ਸੀ। ਇਸ ਫ਼ੈਸਲੇ ਨੂੰ ਮੁਆਫ਼ੀ ਮੰਗਣ ਦੇ ਤੁੱਲ, ਸਮਝਣ ਵਾਲਾ ਧੜਾ ਹੁਣ ਖੁਲ੍ਹਮ-ਖੁਲ੍ਹਾ ਵੱਖ ਹੋ ਗਿਆ। ਇਸ ਦਾ ਨਾਮ 'ਅਕਾਲੀ ਧੜਾ' ਤੇ ਦੂਜੇ ਦਾ ਨਾਮ 'ਮੁਆਫ਼ੀ-ਮੰਗੂ' ਧੜਾ ਪੈ ਗਿਆ। 'ਤੂੰ ਤੂੰ, ਮੈਂ ਮੈਂ' ਦੀ ਅੱਗ ਸਾਰੀ ਕੌਮ ਵਿਚ ਚਮਕ ਪਈ। ਦਰਦੀ ਅਨ-ਮਤੀ ਵੀਰ ਸਾਡੀ ਇਸ ਦਸ਼ਾ ਉੱਤੇ ਅਫ਼ਸੋਸ ਕਰਦੇ ਸਨ, ਤੇ ਈਰਖਾ-ਵਾਦੀਆਂ ਨੂੰ ਠੱਠੇ ਮਖ਼ੌਲ ਲਈ ਮਸਾਲਾ ਮਿਲ ਗਿਆ। ਸਿੱਖ ਦੀਵਾਨਾਂ ਵਿਚ ਹੁਣ ਧੜੇ ਦਾ ਪਰਚਾਰ ਹੀ ਪ੍ਰਧਾਨ ਹੋ ਗਿਆ। ਧਰਮ ਨਾਲੋਂ ਧੜਾ ਵਧੀਕ ਪਿਆਰਾ ਸਮਝਿਆ ਜਾਣ ਲੱਗ ਪਿਆ। ਇਸ ਹਾਸੋ-ਹੀਣੀ ਹਾਲਤ ਨੂੰ ਵੇਖ ਕੇ ਸੈਂਕੜੇ ਹਜ਼ਾਰਾਂ ਸਿੱਖ ਇਸ ਖਹਿ-ਖਹਿ ਤੋਂ ਅੱਕ ਕੇ ਰਾਧਾ ਸੁਆਮੀ ਸੰਗਤ ਵਿਚ ਜਾ ਰਲੇ। ਪਰ ਧੜੇ ਦੀ ਜਿੱਤ ਦੇ ਆਸ਼ਕਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਝੋਲੀ ਵਿਚੋਂ ਵਿਛੜ ਰਹੇ ਵੀਰਾਂ ਨੂੰ ਵੇਖ ਕੇ ਕੋਈ ਚੋਭ ਨਹੀਂ ਸੀ ਪੈ ਸਕਦੀ।



www.AKJ.Org

**ਫੁੱਟ ਦੇ ਕਾਰੇ–**

ਤਿੰਨ ਕੁ ਮਹੀਨਿਆਂ ਦੀ ਦੌੜ-ਭੱਜ ਪਿਛੋਂ 'ਅਕਾਲੀ ਧੜੇ' ਦੀ ਅੰਦਰੋ ਅੰਦਰ ਦੀ ਪ੍ਰੇਰਨਾ ਨਾਲ ਜੱਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਇਕ 'ਸਰਬੱਤ ਖ਼ਾਲਸਾ ਕਾਨਫ੍ਰੰਸ' ਵੈਸਾਖੀ ਦੇ ਮੌਕੇ ਤੇ ਕੀਤੀ ਗਈ। ਤੇ, ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਿਆਂ ਦਾ ਪਰਬੰਧ ਬਦੋ-ਬਦੀ ਮੁਆਫ਼ੀ-ਮੰਗੂ ਪਾਰਟੀ ਤੋਂ ਲੈ ਲਿਆ ਜਾਏ।

ਸੰਨ ੧੯੨੫ ਦੀ ਪਲੇਗ ਦੇ ਕਾਰਨ ਸ਼੍ਰੋਮਣੀ ਕਮੇਟੀ ਦਾ ਦਫ਼ਤਰ ਸ਼ਹਿਰੋਂ ਬਾਹਰ ਸਿੱਖ ਮਿਸ਼ਨਰੀ ਕਾਲਜ ਦੀ ਕੋਠੀ ਵਿਚ ਲਿਆਂਦਾ ਗਿਆ ਸੀ ਤੇ ਅਜੇ ਭੀ ਉਸ ਕੋਠੀ ਵਿਚ ਹੀ ਸੀ। 'ਸਰਬੱਤ ਖ਼ਾਲਸਾ ਕਾਨਫ੍ਰੰਸ' ਦੇ ਮਤੇ ਤੋਂ ਕੁਝ ਦਿਨ ਪਿਛੋਂ ਇਕ ਦਿਨ ਕਮੇਟੀ ਦੇ ਜਰਨਲ ਸਕੱਤ੍ਰ ਸਾਹਿਬ ਨੇ ਦਫ਼ਤਰ ਵਿਚ ਆ ਕੇ ਮੈਨੂੰ* ਆਖਿਆ ਕਿ "ਅੱਜ 'ਸਰਬੱਤ ਖਾਲਸਾ ਕਾਨਫ੍ਰੰਸ' ਦੇ ਬੰਦਿਆਂ ਨੇ ਇਥੇ ਦਫ਼ਤਰ ਦਾ ਚਾਰਜ ਲੈਣ ਆਉਣਾ ਹੈ, ਤੁਸਾਂ ਵੇਲੇ-ਸਿਰ ਲੋੜੀਦੀ ਸਿਆਣਪ ਨਾਲ ਸਮੇ ਨੂੰ ਨਜਿੱਠਣਾ ਹੋਵੇਗਾ। ਮੈਂ ਇਥੇ ਨਹੀਂ ਠਹਿਰ ਸਕਦਾ, ਕਿਉਂਕਿ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭੀ ਕਬਜ਼ਾ ਕਰਨ ਆਉਣਾ ਹੈ ਤੇ ਮੇਰਾ ਉਥੇ ਹੋਣਾ ਜ਼ਰੂਰੀ ਹੈ। ਮੈਂ ਸ਼ਹਿਰੋਂ ਟੈਲੀਫ਼ੂਨ ਰਾਹੀਂ ਜ਼ਰੂਰੀ ਖ਼ਬਰਾਂ ਭਿਜਵਾਣ ਦਾ ਪਰਬੰਧ ਕਰਦਾ ਰਹਾਂਗਾ।"

ਇਹ ਆਖ ਕੇ ਜਨਰਲ ਸਕੱਤ੍ਰ ਸਾਹਿਬ ਸ਼ਹਿਰ ਨੂੰ ਚਲੇ ਗਏ, ਤੇ ਮੈਂ ਦਫ਼ਤਰ ਦੇ ਜ਼ਰੂਰੀ ਕਾਗਜ਼-ਪੱਤਰ ਰਜਿਸਟਰ ਆਦਿਕ ਥਾਂ-ਸਿਰ ਸੰਭਾਲਣੇ ਸ਼ੁਰੂ ਕਰ ਦਿੱਤੇ। ਲੌਢੇ ਵੇਲੇ ਟੈਲੀਫ਼ੂਨ ਤੇ ਖ਼ਬਰ ਆ ਗਈ ਕਿ ਚਾਰਜ ਲੈਣ ਵਾਸਤੇ ਪੰਜ ਸਿੰਘ ਘੰਟਾ-ਘਰ ਤੋਂ ਟਾਂਗਿਆਂ ਤੇ ਚੜ੍ਹ ਕੇ ਦਫ਼ਤਰ ਵਲ ਨੂੰ ਚੱਲ ਪਏ ਹਨ। ਮੈਂ ਦਫ਼ਤਰ ਦੇ ਕਲਰਕ-ਸਾਥੀਆਂ ਨੂੰ ਨਾਲ ਲੈ ਕੇ ਕੋਠੀ ਤੋਂ ਬਾਹਰ ਉਹਨਾਂ ਦੇ ਆਦਰ-ਸਤਕਾਰ ਲਈ ਆ ਖਲੋਤਾ। ਗਰਮੀ ਦੀ ਰੁੱਤ ਸੀ। ਅੰਦਰ ਲਿਆ ਕੇ ਉਹਨਾਂ ਨੂੰ ਠੰਢਾ ਜਲ ਛਕਾਇਆ ਤੇ ਸ਼ਰਬਤ ਆਦਿਕ ਦੀ ਸੇਵਾ ਪੁੱਛੀ। ਘੰਟੇ ਕੁ ਪਿਛੋਂ ਫਿਰ ਟੈਲੀਫ਼ੂਨ ਆ ਗਈ ਕਿ ਸ਼ਹਿਰੋਂ ਚਾਲੀ ਕੁ ਬੰਦੇ ਡਾਂਗਾਂ ਸੋਟੇ ਲੈ ਕੇ ਕਮੇਟੀ ਦੇ ਦਫ਼ਤਰ ਨੂੰ ਚੱਲ ਪਏ ਹਨ। ਉਹ ਸਾਰੇ ਸੱਜਣ ਪੈਦਲ ਆਏ। ਸੋ, ਉਹਨਾਂ ਦੇ ਅੱਪੜਨ ਤੋਂ ਪਹਿਲਾਂ ਉਹਨਾਂ ਦੇ ਸੁਆਗਤ ਲਈ ਭੀ ਯੋਗ ਪਰਬੰਧ ਕਰ ਲਿਆ। ਇਥੋਂ ਦੀ ਕਹਾਣੀ ਨੂੰ ਵਧੀਕ ਲਮਕਾਣ ਦੀ ਲੋੜ ਨਹੀਂ। ਮੁੱਕਦੀ ਗੱਲ, ਜਿਵੇਂ ਮੈਥੋਂ ਸਰ-ਬਣ ਆਇਆ, ਮੈਂ ਚਾਰਜ ਦੇਣ ਵਲੋਂ ਉਹਨਾਂ ਨੂੰ ਟਾਲ-ਮਟੋਲੇ ਵਿਚ ਹੀ ਰੱਖਿਆ, ਉਹ ਮੇਰੇ ਸਿਰ ਭੀ ਨਾ ਆਏ। ਉਸ ਰਾਤ ਉਹ ਸਾਰੇ ਉਥੇ ਕੋਠੀ ਵਿਚ ਹੀ ਰਹੇ। ਮੈਂ ਪ੍ਰਸ਼ਾਦ ਵਾਸਤੇ ਬੇਨਤੀ ਕੀਤੀ, ਪਰ ਉਹਨਾਂ ਦੇ ਜੱਥੇਦਾਰ ਨੇ ਕਿਹਾ ਕਿ ਇਤਨਿਆਂ ਵਾਸਤੇ ਇਥੇ ਪਰਬੰਧ ਕਰਨਾ ਔਖਾ ਹੈ, ਸਾਡੇ ਲਈ ਪਰਸ਼ਾਦੇ ਸ਼ਹਿਰੋਂ ਹੀ ਆਉਣਗੇ। ਦੋਹੀਂ ਪਾਸੀਂ ਗੱਲ ਬਾਤ ਵਿਚ ਰਵੱਈਆ ਭਰਾਵਾਂ ਵਾਲਾ ਹੀ ਰਿਹਾ, ਕੋਈ ਦੁਰਘਟਨਾ ਨਾ ਹੋਈ। ਉਂਜ ਸ਼ਾਮ ਵੇਲੇ ਜੱਥੇਦਾਰ ਨੇ ਹੱਸ ਕੇ ਮੈਨੂੰ ਜਤਾ ਦਿਤਾ ਕਿ ਤੂੰ ਮੋਮੋਠਗਣੀਆਂ ਗੱਲਾਂ ਕਰ ਕੇ ਹੁਣ ਤਕ ਤਾਂ ਸਾਨੂੰ ਠੱਗ ਲਿਆ। ਹੱਛਾ, ਦਿਨੇ ਵੇਖੀ ਡਿੱਠੀ ਜਾਏਗੀ।

ਅੱਗਲਾ ਦਿਨ ਹੋਇਆ। ਸੂਰਜ ਚੋਖਾ ਚੜ੍ਹ ਆਇਆ ਸੀ। ਕਬਜ਼ਾ ਕਰਨ ਆਏ ਜੱਥੇ ਦੇ ਬੰਦਿਆਂ ਨੇ ਮੂੰਹ ਜੋੜਨੇ ਸ਼ੁਰੂ ਕਰ ਦਿੱਤੇ। ਘੋਰ-ਮਸੋਰਾ ਹੋਣ ਲੱਗ ਪਿਆ। ਇਸ਼ਾਰਿਆਂ ਨਾਲ ਗੱਲਾਂ ਸ਼ੁਰੂ ਹੋ ਗਈਆਂ। ਸ਼ਹਿਰ ਵਲ ਭੀ ਕਈ ਸੱਜਣਾਂ ਦੀ ਆਵਾ-ਜਾਈ ਚੱਲ ਪਈ। ਇਉਂ ਮਲੂਮ ਹੁੰਦਾ ਸੀ ਜਿਵੇਂ ਸ਼ਹਿਰ ਵਲੋਂ ਕਿਸੇ ਦੇ ਹੁਕਮ ਦੀ ਜਾਂ ਕਿਸੇ ਘਟਨਾ ਦੀ ਉਡੀਕ ਕਰ ਰਹੇ ਸਨ। ਇਤਨੇ ਨੂੰ ਇਕ ਸੱਜਣ ਸ਼ਹਿਰੋਂ ਚੰਗੇ ਚੋਖੇ ਜੰਦਰੇ ਲੈ ਕੇ ਆ ਗਿਆ। ਜੱਥੇਦਾਰ ਨੇ ਮੈਨੂੰ ਸੱਦਿਆ ਤੇ ਮੇਰੇ ਸਾਹਮਣੇ ਦਫ਼ਤਰ ਦੇ ਦਰਵਾਜ਼ਿਆਂ ਨੂੰ ਸਾਡੇ ਵੱਜੇ ਜੰਦਰਿਆਂ ਦੇ ਨਾਲ ਨਾਲ ਉਹਨਾਂ ਆਪਣੇ ਜੰਦਰੇ ਭੀ ਮਾਰ ਦਿੱਤੇ।

---

* ਮੈਂ ਜੁਲਾਈ ੧੯੨੧ ਤੋਂ ਸਤੰਬਰ ੧੯੨੬ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਮੀਤ ਸਕੱਤ੍ਰ ਰਿਹਾ ਸਾਂ।



www.AKJ.Org

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਹੀ ਝੂਠੇ ਬਜ਼ਾਰ ਨੂੰ ਚੜ੍ਹਦੀਆਂ ਉੱਚੀਆਂ ਪੌੜੀਆਂ ਦੇ ਨਾਲ ਦੇ ਪਹਿਲੇ ਹੀ ਬੁੰਗੇ ਵਿਚ ਸ੍ਰੀ ਦਰਬਾਰ ਸਾਹਿਬ ਦੀ ਅਸਥਾਨਕ ਕਮੇਟੀ ਦਾ ਦਫ਼ਤਰ ਹੁੰਦਾ ਸੀ। ਉਸ ਵਿਚ ਟੈਲੀਫ਼ੋਨ ਲੱਗਾ ਹੁੰਦਾ ਸੀ। ਟੈਲੀਫ਼ੋਨ ਦੇ ਪਾਸ ਬੈਠਾ ਬੰਦਾ ਬੁੰਗੇ ਦੀ ਬਾਰੀ ਵਿਚੋਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਹਮਣੇ ਦੇ ਖੁਲ੍ਹੇ ਚੌਕ ਨੂੰ ਚੰਗੀ ਤ੍ਰਹਾਂ ਵੇਖ ਸਕਦਾ ਸੀ।

ਦਫ਼ਤਰ ਦਾ ਕਬਜ਼ਾ ਲੈਣ ਆਏ ਸੱਜਣਾਂ ਨੇ ਸਾਡੇ ਟੈਲੀਫ਼ੋਨ ਦੇ ਕਮਰੇ ਉਤੇ ਭੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੈਂ ਉਸ ਕਮਰੇ ਵਿਚੋਂ ਬਾਹਰ ਨਿਕਲਣ ਤੋਂ ਇਨਕਾਰ ਕਰ ਦਿੱਤਾ, ਤੇ ਉਹਨਾਂ ਇਸ ਨਿੱਕੇ ਜਿਹੇ ਖ਼ਾਲੀ ਕਮਰੇ ਨੂੰ ਜੰਦਰਾ ਮਾਰਨ ਲਈ ਅੜਨਾ ਗ਼ੈਰ-ਜ਼ਰੂਰੀ ਸਮਝਿਆ। ਟੈਲੀਫ਼ੋਨ ਦੀ ਘੰਟੀ ਖੜਕ ਗਈ। ਇਹ ਸਨੇਹਾ ਅਸਥਾਨਕ ਕਮੇਟੀ ਦੇ ਦਫ਼ਤਰੋਂ ਆ ਰਿਹਾ ਸੀ। ਮੈਂ ਸੁਣਨਾ ਸ਼ੁਰੂ ਕਰ ਦਿੱਤਾ। ਕਮੇਟੀ ਦੇ ਜਨਰਲ ਸ਼ਕੱਤ੍ਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਗ੍ਰੰਥੀ ਸੇਵਾਦਾਰ ਤਖ਼ਤ ਸਾਹਿਬ ਤੇ ਬੈਠੇ ਹੋਏ ਸਨ। ਸਾਹਮਣੇ ਦਾ ਸਾਰਾ ਚੌਕ ਸ਼ਰਧਾ-ਭੇਟ ਲੈ ਕੇ ਆਏ ਸਿੰਘਾਂ ਨਾਲ ਭਰਿਆ ਹੋਇਆ ਸੀ। ਮੁਆਫ਼ੀ-ਮੰਗੂ ਜੱਥੇ ਦੇ ਪਰਬੰਧ ਨੂੰ ਮੁਕਾਣ ਦੀ ਉਡੀਕ ਹੋ ਰਹੀ ਸੀ ਕਿਉਂਕਿ ਇਹਨਾਂ ਦੇ ਇਥੇ ਬੈਠਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਹੱਤਕ ਹੋ ਰਹੀ ਸੀ।

ਅਚਨ-ਚੇਤ ਠਾਹ ਠਾਹ ਹੋਣਾ ਸ਼ੁਰੂ ਹੋ ਗਿਆ। ਚੌਕ ਵਿਚ ਖਲੋਤੇ ਸ਼ਰਧਾਲੂ ਸਿੰਘ ਬਹਾਦਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇੱਟਾਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਇੱਟ-ਵੱਟੇ ਭੇਟਾ ਦੇ ਤੌਰ ਤੇ ਉਹ ਪਹਿਲਾਂ ਹੀ ਜੇਬਾਂ ਵਿਚ ਪਾ ਕੇ ਲਿਆਏ ਹੋਣਗੇ। ਤਖ਼ਤ ਸਾਹਿਬ ਦਾ ਸੰਗ-ਮਰਮਰੀ ਜੰਗਲਾ ਟੁੱਟ ਗਿਆ। ਤਖ਼ਤ ਸਾਹਿਬ ਦੇ ਇਕ ਥੰਮ੍ਹ ਉਤੇ ਜੜ੍ਹੀ ਹੋਈ ਤਸਵੀਰ ਦਾ ਸ਼ੀਸ਼ਾ ਚੂਰ-ਚੂਰ ਹੋ ਗਿਆ। ਸ਼ਬਦ ਦੀ ਘਨਘੋਰ ਦੇ ਥਾਂ 'ਫੜ ਲੌ, ਮਾਰ ਦਿਉ' ਤੇ ਹੋਰ ਕ੍ਰੋਧ-ਭਰੀਆਂ ਕਈ ਕਿਸਮ ਦੀਆਂ ਗੰਦੀਆਂ ਗਾਲ੍ਹਾਂ ਨਾਲ ਆਕਾਸ਼ ਗੂੰਜ ਉੱਠਿਆ। ਕੁਝ ਮਨਚਲੇ ਦਲੇਰ ਸਿੰਘ ਤਖ਼ਤ ਸਾਹਿਬ ਦੇ ਹੇਠਲੇ ਨੀਵੇਂ ਥੜੇ ਤੋਂ ਛਾਲਾਂ ਮਾਰ ਕੇ ਉੱਪਰ ਜਾ ਚੜ੍ਹੇ। ਸ੍ਰੀ ਤਖ਼ਤ ਸਾਹਿਬ ਦੇ ਉਤੇ ਹੀ ਡਾਂਗਾਂ ਨਾਲ ਮਾਰ-ਕੁਟਾਈ ਸ਼ੁਰੂ ਹੋ ਗਈ। ਜਨਰਲ ਸਕੱਤ੍ਰ ਸਾਹਿਬ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ। ਡਾਂਗਾਂ ਇਉਂ ਵਰ੍ਹਦੀਆਂ ਸਨ ਜਿਵੇਂ ਛੱਲੀਆਂ ਕੁੱਟੀਆਂ ਜਾ ਰਹੀਆਂ ਹਨ। 'ਸਿੰਘ ਸੂਰਮਿਆਂ' ਨੇ ਇਸ 'ਪੰਥ ਵੈਰੀ' ਨੂੰ ਆਪਣੇ ਵਲੋਂ ਮੁਕਾ ਦਿਤਾ।

ਜਿਸ ਕਲਗੀਆਂ ਵਾਲੇ ਪਾਤਿਸ਼ਾਹ ਨੇ ਆਪਣੇ ਪਿਆਰੇ ਬੱਚਿਆਂ ਦੇ ਪਵਿੱਤਰ ਲਹੂ ਨਾਲ ਸਿੰਜ ਕੇ ਪਾਲੇ ਹੋਏ ਖਾਲਸਾ ਪੰਥ ਦੇ ਪ੍ਰਤੀਨਿਧ ਜੱਥੇ ਅਕਾਲੀ ਦਲ ਦੇ ਗੁਰਦੁਆਰਿਆਂ ਦੀ ਪਵਿੱਤਰਤਾ ਸੰਬੰਧੀ ਲਏ ਪ੍ਰਣ ਨੂੰ ਤੋੜ ਨਿਭਾਹੁਣ ਲਈ ਕਈ ਤਰ੍ਹਾਂ ਦੇ ਕੌਤਕ ਵਰਤਾ ਕੇ ਖ਼ਾਲਸੇ ਦੀ ਲਾਜ* ਰੱਖੀ ਸੀ, ਹਾਂ ਉਸ ਸਤਿਗੁਰੂ ਪਾਤਿਸ਼ਾਹ ਦੀ ਬਰਕਤ ਨਾਲ ਜਿੱਤ ਕੇ ਉਸ ਦਿਨ ਉਸ ਲਾਡਲੀ ਅਕਾਲੀ ਫ਼ੌਜ ਦੇ ਕੁਝ ਵੀਰਾਂ ਨੇ, ਸ਼ੁਕਰੀਏ ਵਜੋਂ ਕਹਿ ਲਵੋ, ਪੂਰੇ ਆਦਰ-ਸਤਕਾਰ ਨਾਲ ਇੱਟ-ਵੱਟਿਆਂ ਦੀ ਸ਼ਰਧਾ-ਭੇਟ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕੀਤੀ।

ਮਈ ੧੯੨੬ ਦੀ ਉਸ ਘਟਨਾ ਦੇ ਸੰਬੰਧ ਵਿਚ ਇਹ ਦੰਦ-ਕਥਾ ਭੀ ਹੁੰਦੀ ਰਹੀ ਸੀ ਕਿ ਇਕੋ ਪਿਤਾ ਦੇ ਇਹਨਾਂ ਘੁਲ-ਮਰਦੇ ਪੁੱਤਰਾਂ ਨੂੰ ਵਧੀਕ ਖ਼ੂਨ-ਖ਼ਰਾਬੇ ਤੋਂ ਬਚਾਣ ਲਈ ਪੁਲਸ ਬੂਟਾਂ ਸਮੇਤ ਅੰਦਰ ਆ ਗਈ ਸੀ। ਲੋਕ ਛਿੱਥੇ ਪੈ ਪੈ ਕੇ ਆਖਦੇ ਸਨ ਕਿ ਪੁਲਸ ਨੇ ਬੂਟਾਂ ਸਮੇਤ ਅੰਦਰ ਆ ਕੇ ਸ੍ਰੀ ਦਰਬਾਰ ਸਾਹਿਬ ਦੀ ਹੱਤਕ ਕੀਤੀ ਹੈ।

ਪਿਆਰ-ਸਤਕਾਰ ਦੀ ਖੇਡ ਅਨੋਖੀ ਹੀ ਹੈ, ਜੋ ਅਜਿਹੇ "ਆਸ਼ਕ" ਹੀ ਸਮਝ ਸਕਦੇ ਹਨ। ਪਰ ਸਿਆਣੇ ਆਖਦੇ ਹਨ ਕਿ ਵੈਰੀ ਦੀ ਤਲਵਾਰ ਦਾ ਲੱਗਾ ਜ਼ਖ਼ਮ ਤਾਂ ਛੇਤੀ ਰਾਜ਼ੀ ਹੋ ਸਕਦਾ ਹੈ, ਪਰ ਸੱਜਣ ਦੇ ਮਾਰੇ ਹੋਏ ਫੁੱਲ ਦੀ ਚੋਟ ਦੀ ਪੀੜ ਸਾਰੀ ਉਮਰ ਨਹੀਂ ਜਾਂਦੀ।

---

* ਗੁਰੂ ਕੇ ਬਾਗ ਦਾ ਮੋਰਚਾ ਵੇਖਣ ਵਾਲਿਆਂ ਨੂੰ ਅਜੇ ਤਕ ਉਹ ਲੂੰ-ਕੰਡੇ ਕਰਨ ਵਾਲੀਆਂ ਘਟਨਾਵਾਂ ਭੁੱਲੀਆਂ ਨਹੀਂ ਹਨ।

www.AKJ.Org

# ਗੁਰ ਕਾ ਬਚਨੁ ਬਸੈ ਜੀਅ ਨਾਲੇ ॥.....

ਧਨਾਸਰੀ ਮ: ੫, ਪੰਨਾ ੬੭੯

[ਵਲੋਂ:—ਸ: ਮਨਮੋਹਨ ਸਿੰਘ ਬੱਲ, ਬੁਤਾਲਾ]

ਕਹਿਣ ਨੂੰ ਤਾਂ ਛੋਟੀ ਜਿਹੀ ਗੱਲ ਹੈ ਕਿ ਪੂਰੇ ਗੁਰੂ ਦਾ ਬਚਨ ਸਾਡੇ ਜੀਅ ਦੇ ਵਿਚ ਵਸ ਰਿਹਾ ਹੈ ਅਤੇ ਕੀਤਾ ਹੋਇਆ ਬਚਨ ਸਵਾਸਾਂ ਦੇ ਨਾਲ ਹੀ ਨਿਭ ਜਾਵੇਗਾ। ਹਰ ਗੁਰਸਿਖ ਵਹਿਦਾ ਕਰਦਾ ਹੈ ਕਿ ਗੁਰੂ ਦੇ ਬਚਨਾਂ ਉਤੇ ਪਹਿਰਾ ਦੇਂਦਾ ਰਹਾਂਗਾ। ਅੰਮ੍ਰਿਤ ਪਾਨ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ 'ਚ ਜੋ ਬਚਨ ਕਹਿੰਦੇ ਹਨ, ਅਸੀਂ ਸਾਰਿਆਂ ਨੂੰ ਮੰਨਣ ਲਈ ਆਪਣੇ ਗੁਰਦੇਵ ਨੂੰ ਮੱਥਾ ਟੇਕਦੇ ਹਾਂ, ਪਰ ਗੁਰੂ ਮਹਾਰਾਜ ਦੇ ਫੁਰਮਾਨ ਦੇ ਮੁਤਾਬਿਕ ਕਲਜੁਗੀ ਪ੍ਰਭਾਵ ਹੀ ਐਸਾ ਹੁੰਦਾ ਹੈ, ਜੈਸੇ—

ਐਸੇ ਕਾਹੇ ਭੂਲਿ ਪਰੇ ॥
ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥੧॥ਰਹਾਉ॥

[ਬਿਲਾਵਲੁ ਮਹਲਾ ੫, ਪੰਨਾ ੮੨੩

ਕਈ ਵਾਰੀ ਤਾਂ ਸਾਡੇ ਪਾਸੋਂ ਅਣਭੋਲਪੁਣੇ ਵਿਚ ਗੁਰੂ ਦੇ ਬਚਨ ਦੀ ਅਵੱਗਿਆ ਹੋ ਜਾਂਦੀ ਹੈ, ਪਰ ਕਈ ਵਾਰੀ ਅਸੀਂ ਗੁਰੂ ਨੂੰ ਹਾਜ਼ਰ ਨਾਜ਼ਰ ਹੀ ਨਹੀਂ ਸਮਝਦੇ ਅਤੇ ਬਚਨਾਂ ਤੋਂ ਮੁਨਕਰ ਹੋ ਜਾਂਦੇ ਹਾਂ। ਇਤਿਹਾਸ ਚੋਂ ਗਵਾਹੀ ਮਿਲਦੀ ਹੈ ਕਿ ਜਿਤਨੇ ਵੀ ਪੁਰਾਤਨ ਗੁਰਸਿੱਖ ਹੋਏ ਹਨ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਕ ਅਕਾਲ ਉੱਤੇ ਭਰੋਸਾ ਹੁੰਦਾ ਸੀ। ਉਹ ਗੁਰੂ-ਆਗਿਆ ਵਿਚ ਰਹਿੰਦੇ ਹੋਏ ਆਰੇ ਥੱਲੇ ਬੈਠ ਕੇ ਅਤੇ ਬੰਦ-ਬੰਦ ਕਟਾਉਂਦੇ ਹੋਏ ਵੀ ਇਹੋ ਵਾਕ ਆਪਣੇ ਮੁੱਖ ਚੋਂ ਉਚਾਰਦੇ ਦਿਖਾਈ ਦਿੰਦੇ ਰਹੇ :—

ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤੁ ॥੧॥ਰਹਾਉ॥

[ਗਉੜੀ ਮਹਲਾ ੫, ਪੰਨਾ ੧੮੭

ਪੁਰਾਤਨ ਗੁਰਸਿਖ ਕਥਨੀ ਤੇ ਕਰਣੀ ਦੇ ਸੂਰੇ ਹੁੰਦੇ ਸਨ ਅਤੇ ਉਨ੍ਹਾਂ ਦੇ ਜੀਵਨ ਵਿਚ ਕਰਣੀ ਪਰਧਾਨ ਹੁੰਦੀ ਸੀ, ਪਰ ਅਜ ਦੇ ਸਿਖ ਵਿਚ ਕਥਨੀ ਪਰਧਾਨ ਹੋ ਰਹੀ ਹੈ ਅਤੇ ਅਮਲੀ ਜੀਵਨ ਵਲੋਂ ਕੋਰਾ ਹੋ ਰਿਹਾ ਹੈ। ਵਾਹਿਗੁਰੂ ਦੀ ਇਕੋ ਇਕ ਟੇਕ ਤੇ ਪੂਰਨ ਭਰੋਸਾ ਨਹੀਂ ਰਖਦਾ। ਉਹ ਆਪਣੀਆਂ ਚਤਰਾਈਆਂ ਵਿਚ ਫਸਾ ਪਿਆ ਹੈ ਅਤੇ ਆਪਣੀ ਅਕਲ ਨੂੰ ਪਰਧਾਨ ਸਮਝਦਾ ਹੈ। ਇਹੋ ਕਾਰਨ ਹੈ ਕਿ ਉਹ ਪਰ-ਸੁਆਰਥ ਲਈ ਨਹੀਂ ਜੀਂਦਾ, ਸਗੋਂ ਨਿਜ-ਸੁਆਰਥ ਵਿਚ ਭੁਲਾ ਫਿਰਦਾ ਹੈ।

ਪਰ ਅਜ ਦੇ ਸਮੇਂ ਜੇ ਕੋਈ ਗੁਰੂ ਕਾ ਸਿਖ, ਗੁਰੂ-ਬਖਸ਼ੀ ਰਹਿਣੀ ਬਹਿਣੀ ਧਾਰਨ ਕਰਦਾ ਹੈ ਅਤੇ ਗੁਰੂ ਪਾਤਸ਼ਾਹ ਦੇ ਬਚਨਾਂ ਨੂੰ ਪਾਲਦਾ ਹੋਇਆ ਗੁਰਸਿਖੀ ਦੀ ਕਮਾਈ ਕਰਦਾ ਹੈ ਤਾਂ ਉਹ ਆਪਣੇ ਭਰਾਵਾਂ ਵਲੋਂ ਵੀ ਕਟੜ-ਪੰਥੀਆ ਹੀ ਗਰਦਾਨਿਆ ਜਾਂਦਾ ਹੈ। ਅਤੇ ਅਜਿਹੇ ਗੁਰੂ ਕੇ ਲਾਲ ਨੂੰ ਜ਼ਰੂਰੀ ਪੰਥਕ ਮਾਮਲਿਆਂ ਵਿਚ ਵੀ ਲਾਂਭੇ ਰਖਣ ਦਾ ਹੀ ਜਤਨ ਕੀਤਾ ਜਾਂਦਾ ਹੈ।

ਤਾਜ਼ਾ ਹਾਲਾਤ ਮੁਤਾਬਕ ਅਸੀਂ ਰੋਜ਼ ਦੇਖਦੇ ਹਾਂ ਕਿ ਜੇ ਕੋਈ ਰਹਿਤਵਾਨ ਗੁਰਸਿਖ ਆਪਣੀ ਡਿਊਟੀ ਵੀ ਪੂਰਨ ਤੌਰ ਤੇ ਨੇਕ-ਨੀਯਤੀ ਨਾਲ ਕਰਦਾ ਹੈ ਤਾਂ ਵੀ ਲੋਕੀ ਸਿੰਘ ਦੇ ਰੂਪ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਪਰ ਜੋ ਲੀਡਰੀ ਦੀ ਸ਼ਾਨ ਹੇਠਾਂ ਪੂਰਨ ਗੁਰਸਿੱਖੀ ਦੀ ਸ਼ਾਨ ਨੂੰ ਮਿਟਾਉਣਾ ਚਾਹੁੰਦੇ ਹਨ, ਉਹ ਆਪ ਮਿਟ ਜਾਂਦੇ ਹਨ। ਪਹਿਲਾਂ ਤਾਂ ਇੱਥੇ ਹੀ ਲੇਖਾ ਮੁਕਾਇਆ ਜਾਂਦਾ ਹੈ, ਨਹੀਂ ਤਾਂ ਸੱਚੀ ਦਰਗਾਹ ਵਿਚ ਤਾਂ ਕਿਸੇ ਨੇ ਵੀ ਲਿਹਾਜ਼ ਨਹੀਂ ਕਰਨਾ। ਉਥੇ ਕੋਈ ਵੀ ਛੋਟਾ ਵੱਡਾ ਨਹੀਂ ਹੈ। ਅਤੇ ਉਥੇ ਜਾਣਾ ਵੀ ਜ਼ਰੂਰ ਹੈ। ਹੁਕਮ ਹੈ—



www.AKJ.Org

ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥
ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥੪॥੬॥

[ਸਾਰਗ ਮਹਲਾ ੪, ਪੰਨਾ ੧੨੦੦

ਸਾਨੂੰ ਗੁਰੂ ਦੇ ਬਚਨਾਂ ਤੇ ਪੂਰਨ ਭਰੋਸਾ ਹੋਵੇ ਤਾਂ ਦੁਨੀਆ ਦੀ ਕੋਈ ਤਾਕਤ ਸਾਨੂੰ ਡਰਾ ਨਹੀਂ ਸਕਦੀ। ਪਰ ਗੁਰੂ ਤੋਂ ਬੇਮੁਖ ਹੋਣ ਕਰਕੇ ਸਾਨੂੰ ਸਾਰੇ ਪਾਸਿਆਂ ਤੋਂ ਡਰ ਭਾਸਦਾ ਹੈ।

ਜਿਸ ਤਰ੍ਹਾਂ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਇੱਕ ਮਾਹਣੇ ਨਾਮੀ ਸਿੱਖ ਨੇ ਗੁਰੂ ਦੇ ਬਚਨ ਤੇ ਪਹਿਰਾ ਨਹੀਂ ਸੀ ਦਿੱਤਾ। ਸਗੋਂ ਕਿਰਪਾ-ਦ੍ਰਿਸ਼ਟੀ ਭਰਿਆ ਗੁਰੂ ਦਾ ਬਚਨ ਇਕ ਚੋਰ ਨੂੰ ਧਨ ਦੀ ਥੈਲੀ ਲੈ ਕੇ ਵੇਚ ਦਿੱਤਾ। ਪਰ ਉਸ ਚੋਰ ਨੇ ਗੁਰੂ ਦੇ ਬਚਨ ਦੀ ਪਾਲਣਾ ਕੀਤੀ ਅਤੇ ਜ਼ਿੰਦਾ ਹੀ ਲੱਕੜਾਂ ਵਿਚ ਜਲ ਕੇ ਆਪਣੇ ਸਾਰੇ ਅਪਰਾਧ ਜਾਲ ਗਿਆ। ਪਰ ਉਸ ਮਾਹਣੇ ਨੂੰ ਪੁਲੀਸ ਨੇ ਚੋਰੀ ਦੇ ਕੇਸ ਵਿੱਚ ਫੜ ਲਿਆ, ਕਿਉਂਕਿ ਉਸ ਪਾਸੋਂ ਚੋਰ ਦਾ ਮੋਹਰਾਂ ਵਾਲਾ ਥੈਲਾ ਲੱਭ ਗਿਆ ਸੀ। ਇਸ ਦੇ ਫਲ-ਸਰੂਪ ਮਾਹਣੇ ਨੂੰ ਫਾਂਸੀ ਹੋਈ ਤੇ ਜੱਮਪੁਰੀ ਦੇਖਣੀ ਪਈ। ਪਰ ਗੁਰੂ ਦਾ ਬਚਨ ਅਪਣਾਉਣ ਵਾਲਾ ਚੋਰ ਦਰਗਾਹ ਵਿੱਚ ਸਨਮਾਨਿਆ ਗਿਆ। ਵੈਸੇ ਭੀ ਜੇ ਗੁਰਸਿਖੀ ਦਾ ਪਹਿਰਾਵਾ ਪਾ ਕੇ ਜੇ ਸੱਚੇ ਪਾਤਸ਼ਾਹ ਦੇ ਬਚਨ ਤੇ ਪਹਿਰਾ ਨਾ ਦਿੱਤਾ ਜਾਵੇ ਤਾਂ ਜਮਾਂ ਦੀ ਮਾਰ ਜ਼ਰੂਰ ਹੀ ਖਾਣੀ ਪੈਂਦੀ ਹੈ। ਸ੍ਰੀ ਗੁਰਪੁਰ ਪ੍ਰਕਾਸ਼ ਭਾਗ ਪਹਿਲਾ ਪੰਨਾ ੨੯੦ ਤੇ ਸੰਤਰੇਣ ਪ੍ਰੇਮ ਸਿੰਘ ਜੀ ਭਾਈ ਮਾਹਣੇ ਦਾ ਪਰਸੰਗ ਲਿਖ ਕੇ ਅੰਤ ਵਿਚ ਉਸ ਨੂੰ ਫਿਟਕਾਰ ਪਾਂਦੇ ਹੋਏ ਲਿਖਦੇ ਹਨ— ਮੂਰਖ ਮਰਿਯੋ ਧਰਮ ਤੇ ਹੀਨਾ॥

ਪਰ ਚੋਰ ਨੇ ਗੁਰੂ ਦਾ ਬਚਨ ਅਪਣਾ ਲਿਆ ਸੀ—

ਗੁਰੂ ਬਚਨ ਪਰ ਜਿਹ ਪਰਤੀਤ ॥ ਤਿਸਹਿ ਮਿਲੈ ਉਚੋ ਪਦ ਨੀਤ ॥
ਤਜਹਿ ਬਾਕ ਧਰ ਲੋਭ ਬਿਸਾਲਾ ॥ ਪਾਵਹਿ ਨਰਕ ਤੁਰਤ ਹੁਇ ਕਾਲਾ ॥

---

# ਕਲਗੀਆਂ ਵਾਲੇ ਦੇ ਕਮਾਲ

[ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ]

ਕਲਗੀਆਂ ਵਾਲੇ ਗੁਰੂ ਵਾਹ ਵਾ ਕੁਮਾਲ ਕੀਤਾ, ਸਿੱਖੀ ਕੀ ਏ ? ਭੈ ਰਹਿਤ ਭਰਮ ਮੁਕਤ ਜੀਵਨ ਹੈ।
ਡਿੱਗੇ ਢੱਠੇ ਨਿਘਰੇ ਸਮਾਜ ਨੂੰ ਸੰਭਾਰਿਆ। ਸਿਦਕ ਵਿਸ਼ਵਾਸ ਵਾਲੇ ਸਾਂਚੇ ਵਿਚ ਢਾਲਿਆ।

ਲਾਈ ਗੁਰੂ ਨਾਨਕ ਦੀ ਸਿੱਖੀ ਫੁਲਵਾੜੀ ਤਾਈਂ, ਆਖਿਆ, ਜੇ ਸਿੱਖ ਕੋਈ ਲੈਣਾ ਚਾਹੇ ਖੁਸ਼ੀ ਮੇਰੀ,
ਤੇਗਾਂ ਅਤੇ ਢਾਲਾਂ ਦੀਆਂ ਛਾਵਾਂ ਹੇਠ ਪਾਲਿਆ। ਦੇਵਾਂਗਾ ਮੈਂ ਖੰਡੇਧਾਰ ਪਾਹੁਲ ਦੇ ਪਿਆਕ ਨੂੰ।

ਪਾਹੁਲ ਦੀ ਨਵੀਂ ਤੇ ਅਨੋਖੀ ਖੰਡੇਧਾਰ ਵਾਲੀ, ਬੈਠੇ ਆ ਕੇ ਗੋਦ ਮੇਰੀ ਪੂਰਾ ਰਹਿਤਵਾਨ ਹੋ ਕੇ,
ਗੁੜ੍ਹਤੀ ਪਿਲਾ ਕੇ ਬੀਰ ਖ਼ਾਲਸਾ ਸਜਾ ਲਿਆ। ਸਫਲ ਕਰ ਦਿਖਾਏ ਮੇਰੇ ਕਹੇ ਹੋਏ ਵਾਨ ਨੂੰ।

ਹੁਕਮ ਹੈ :

"ਰਹਿਣੀ ਰਹੇ ਸੋਈ ਸਿਖ ਮੇਰਾ।
ਉਹ ਸਾਹਿਬ ਮੈਂ ਉਸ ਕਾ ਚੇਰਾ।"



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੪)

[ਵਲੋਂ—ਪ੍ਰੋਫ਼ੈਸਰ ਠਾਕਰ ਸਿੰਘ ਜੀ; ਸ੍ਰੀ ਅੰਮ੍ਰਿਤਸਰ]

## ਪਰਵਾਰਕ ਜੀਵਨ-ਪਲਟਾ–

ਅੰਮ੍ਰਿਤ ਦੀ ਵਡਮੁੱਲੀ ਦਾਤਿ ਨੇ ਪਰਵਾਰ ਦੇ ਰੋਜ਼ਾਨਾ ਜੀਵਨ ਵਿਚ ਇਕ ਨਵਾਂ ਪਲਟਾ ਲੈ ਆਂਦਾ। ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦੀ ਪ੍ਰੇਰਨਾ ਦਾ ਸਦਕਾ ਪਰਵਾਰ ਦੇ ਸਾਰੇ ਜੀਆਂ ਦੀ ਪੂਰੀ ਕੋਸ਼ਸ਼ ਹੁੰਦੀ ਸੀ ਕਿ ਸ੍ਰੀ ਗੁਰੂ ਰਾਮ ਦਾਸ ਜੀ ਦੇ ਉਚਾਰੇ ਇਸ ਸ਼ਬਦ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥

[ਮ: ੪, ਗਉੜੀ ਕੀ ਵਾਰ, ਪੰਨਾ ੩੦੫-੦੬

ਇਸ ਸ਼ਬਦ ਦੇ ਅੱਖਰ ਅੱਖਰ ਦੇ ਭਾਵ ਨੂੰ ਸਮਝ ਕੇ ਤੇ ਪੂਰਨ ਵਿਸ਼ਵਾਸ ਕਰਕੇ, ਇਸ ਗਾਡੀ-ਰਾਹ ਤੇ ਚਲਿਆ ਜਾਵੇ। ਸਿੰਘ ਸਭਾ ਦੀ ਲਹਿਰ ਕਾਫ਼ੀ ਸਮੇਂ ਪਹਿਲਾਂ ਚਲੀ ਹੋਣ ਕਰਕੇ, ਪਿਤਾ ਜੀ (ਭਾਈ ਸਾਹਿਬ ਵਰਿਆਮ ਸਿੰਘ) ਅੰਮ੍ਰਿਤ ਵੇਲੇ ਉਠਣ ਦੇ ਆਦੀ ਹੋ ਚੁਕੇ ਸਨ। ਹੁਣ ਸ੍ਰੀ ਬਾਊ ਜੀ ਦੇ ਉਤਸ਼ਾਹ ਨਾਲ ਤਕਰੀਬਨ ਸਾਰੇ ਪਰਵਾਰ ਨੂੰ ਪਿਛਲ ਰਾਤ ਜਾਗਣ ਦੀ ਆਦਤ ਪੈ ਗਈ।

ਸ੍ਰੀ ਬਾਊ ਜੀ, ਬੀਬੀ ਨਿਹਾਲ ਕੌਰ ਤੇ ਦਾਸ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ, ਬੈਠਕ ਦੇ ਸਾਹਮਣੇ ਥੜੇ ਤੇ ਦਰੀ ਖੇਸ ਵਿਛਾ ਆਸਣ ਜਮਾਅ ਲੈਣੇ। ਦਰਮਿਆਨ ਵਿਚ ਸ੍ਰੀ ਬਾਊ ਜੀ, ਖੱਬੇ ਪਾਸੇ ਬੀਬੀ ਜੀ ਤੇ ਸੱਜੇ ਪਾਸੇ ਦਾਸ ਨੇ ਬੈਠ ਕੇ ਨਾਮ ਦਾ ਖ਼ੂਬ ਅਭਿਆਸੀ ਖੰਡਾ ਖੜਕਾਉਣਾ। ਪਹੁ-ਫੁਟਾਲੇ ਨਾਲ ਨਿਤਨੇਮ ਸ਼ੁਰੂ ਕਰ ਦੇਣਾ। ਜਪੁਜੀ ਸਣੇ ਸ਼ਬਦ ਹਜਾਰੇ, ਜਾਪੁ ਸਾਹਿਬ, ਸਵਈਏ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕਰ ਕੇ ਗੁਰਦਵਾਰੇ ਜਾਣਾ। ਗ੍ਰੰਥੀ ਭਾਈ ਗੁਰਦਿਤ ਸਿੰਘ ਜੀ ਦੰਪਤੀ ਬਹੁਤ ਹੀ ਗੁਰਮੁਖ ਸਨ। ਉਨ੍ਹਾਂ ਨੇ ਸਾਡੇ ਜਾਣ ਤੋਂ ਪਹਿਲਾਂ ਹੀ ਸਫ਼ਾਈ ਕਰ ਕੇ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰ ਦੇਣਾ। ਉਥੋਂ ਸ਼ਬਦ ਸ੍ਰਵਣ ਕਰ ਕੇ, ਕਈ ਵੇਰ ਪਾਠ ਤੇ ਕਈ ਵੇਰ ਕੀਰਤਨ ਕਰ ਕੇ ਵਾਪਸ ਘਰ ਪੁਜਣਾ। ਕੁਝ ਛਕ-ਛਕਾ ਕਰਨ ਪਿਛੋਂ ਸਰਬ-ਲੋਹ ਦੇ ਬਰਤਨਾਂ ਦੀ ਸਫ਼ਾਈ ਸ਼ੁਰੂ ਹੋ ਜਾਣੀ, ਕਿਉਂ ਜੁ ਸ੍ਰੀ ਬਾਊ ਜੀ ਕਿਹਾ ਕਰਦੇ ਸਨ ਕਿ ਸਰਬ-ਲੋਹ-ਧਾਰਨੀ ਸੁਚੱਜਾ ਸਿਖ ਉਹ ਹੀ ਹੋ ਸਕਦਾ ਹੈ, ਜਿਸ ਦੇ ਬਰਤਨਾਂ ਦੀ ਸਫ਼ਾਈ ਤੇ ਚਮਕ ਤੋਂ ਉਸ ਦਾ ਪ੍ਰੇਮ ਉਛਲ ਉਛਲ ਪਵੇ। ਇਸ ਸਫ਼ਾਈ ਲਈ ਨਹਿਰ ਤੋਂ ਰੇਤ ਲਿਆਈ ਜਾਂਦੀ ਸੀ। ਪਿਛਲੇ ਪਹਿਰ ਸ੍ਰੀ ਬਾਊ ਜੀ ਜੀ ਨੇ ਦਾਸ ਨੂੰ ਨਾਲ ਲੈਣਾ, ਜਲ ਦਾ ਗਡਵਾ ਫੜਨਾ, ਮੋਢੇ ਤੇ ਬੜਾ ਸੁੰਦਰ ਸਫ਼ਾਜੰਗ* ਰਖਣਾ, ਅਤੇ ਬਾਹਰ ਜਾ ਕੇ ਖੁਲ੍ਹੇ ਥਾਂ ਕਿਸੇ ਜਲ ਦੇ ਕੰਢੇ ਆਸਣ ਜਮਾਅ ਲੈਣੇ। ਕਈ ਵੇਰ ਉਥੇ ਹੀ ਸੋਦਰੁ ਰਹਿਰਾਸ ਦਾ ਪਾਠ ਕਰ ਲੈਣਾ ਤੇ ਕਈ ਵੇਰ ਘਰ ਆ ਕੇ ਸਾਰੇ ਪਰਵਾਰ ਤੇ ਗੁਆਂਢੀ ਘਰਾਂ ਦੇ ਗੁਰਮੁਖ ਪ੍ਰੇਮੀ ਜਨਾਂ ਨੂੰ ਨਾਲ ਲੈ ਕੇ ਦੀਵਾਨ ਸਜਾ ਲੈਣਾ ਅਤੇ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਬੜੇ ਰੰਗ ਵਿਚ ਇਕੱਠਿਆਂ ਕੀਰਤਨ ਕਰਨਾ।

* ਉਸ ਵਕਤ ਜਥੇ ਦੇ ਸਭ ਸਿੰਘ ਬਾਹਰ ਜਾਣ ਲਗਿਆਂ ਸਫ਼ਾਜੰਗ ਆਪਣੇ ਨਾਲ ਰਖਦੇ ਸਨ।



www.AKJ.Org

੧. ਮੇਰੀ ਖਲਹੁ ਮੌਜੜੇ ਗੁਰਸਿਖ ਹਢਾਂਦੇ ॥ [ਵਾਰ ੯, ਪ: ੧੮
੨. ਦਾਨ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧੦॥ [ਆਸਾ ਦੀ ਵਾਰ, ੪੬੮
੩. ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ [ਸਿਰੀ ਰਾਗੁ ਮ: ੪, ਪੰਨਾ ੭੮
੪. ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥ (੧੩੭੮)

ਇਤਿ ਆਦਿ ਸ਼ਬਦਾਂ ਦੇ ਕੀਰਤਨ ਵਿਚ ਬਿਹਬਲ ਹੋ ਹੋ ਜਾਣਾ । ਇਸ ਅੰਮ੍ਰਿਤ-ਸਮਾਗਮ ਤੇ ਗੁਰਮਤਿ ਰਹੁ-ਰੀਤੀ ਦੀ ਇਲਾਕੇ ਵਿਚ ਇਤਨੀ ਚਰਚਾ ਤੇ ਭਰਪੂਰ ਪ੍ਰਸੰਨਤਾ ਹੋਈ ਕਿ ਪਿੰਡ ਦੇ ਅਤੇ ਇਲਾਕੇ ਦੀ ਪ੍ਰੇਮੀ ਸ੍ਰੀ ਬਾਊ ਜੀ ਦੇ ਦਰਸ਼ਨ ਕਰਨ ਤੇ ਬਚਨ ਸੁਣਨ ਲਈ ਆਉਣ ਲਗ ਪਏ । ਕੁਝ ਦਿਨਾਂ ਪਿਛੋਂ ਉਨ੍ਹਾਂ ਸ੍ਰੀ ਬਾਊ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਲਈ ਅੰਮ੍ਰਿਤ-ਸਿੰਚਾਰ ਦਾ ਪਰਬੰਧ ਕੀਤਾ ਜਾਵੇ, ਜੋ ਬਾਊ ਜੀ ਨੇ ਪਰਵਾਨ ਕਰ ਲਈ । ਪਰ ਉਸ ਵੇਲੇ ਵਡੀ ਮੁਸ਼ਕਲ ਜਾਪ ਸਾਹਿਬ ਦੇ ਪਾਠੀ ਦੀ ਸੀ । ਸ੍ਰੀ ਬਾਊ ਜੀ ਨੇ ਸੋਚ-ਵਿਚਾਰ ਕੇ ਦਾਸ ਨੂੰ ਥਾਪੜਾ ਦਿਤਾ ਕਿ ਮੈਂ ਹੀ ਜਾਪੁ ਸਾਹਿਬ ਦਾ ਪਾਠ ਕੰਠ ਕਰ ਕੇ ਇਸ ਸੇਵਾ ਲਈ ਤਿਆਰ ਹੋ ਜਾਵਾਂ । ਦਾਸ ਨੇ ਹਰ ਰੋਜ਼ ਬਾਹਰ ਮਝਾਂ ਚਾਰਨ ਵੇਲੇ ਜਾਪ ਸਾਹਿਬ ਦਾ ਗੁਟਕਾ ਨਾਲ ਲੈ ਜਾਣਾ ਤੇ ਸਾਰਾ ਵਕਤ ਪਾਠ ਕਰਨ ਤੇ ਲਾਉਣਾ । ਘਰ ਆ ਕੇ ਕੰਠ ਹੋਇਆ ਪਾਠ ਸ੍ਰੀ ਬਾਊ ਜੀ ਨੂੰ ਸੁਣਾ ਕੇ ਉਨ੍ਹਾਂ ਦੀ ਖੁਸ਼ੀ ਲੈਣੀ । ਸਤਿਗੁਰੂ ਜੀ ਦੀ ਅਪਾਰ ਕਿਰਪਾ ਹੋਈ, ਦੋ ਹਫਤਿਆਂ ਵਿਚ ਜਾਪ ਸਾਹਿਬ ਦਾ ਪਾਠ ਕੰਠ ਹੋ ਗਿਆ । ਅੰਮ੍ਰਿਤ-ਸਿੰਚਾਰ ਦੀ ਤਰੀਕ ਨੀਯਤ ਕਰ ਲਈ ਗਈ । ਇਲਾਕੇ ਦੇ ਪ੍ਰੇਮੀ ਜਹਾਜੇ ਚੜ੍ਹਨ ਲਈ ਪੁਜ ਗਏ । ਦਾਸ ਨੂੰ ਪੰਜਾਂ ਪਿਆਰਿਆਂ ਦੀ ਸੇਵਾ ਵਾਸਤੇ ਚੁਣ ਲਿਆ ਗਿਆ । ਮੇਰੇ ਲਾਗੇ ਬੀਬੀ ਨਿਹਾਲ ਕੌਰ ਜੀ ਨੂੰ ਗੁਟਕਾ ਦੇ ਕੇ ਬਿਠਾਲ ਦਿਤਾ ਗਿਆ, ਤਾਂ ਜੁ ਮੈਂ ਜੇ ਕਿਤੇ ਭੁਲ ਜਾਵਾਂ ਤਾਂ ਉਹ ਦਸ ਦੇਣ । ਸਤਿਗੁਰੂ ਜੀ ਦੀ ਪਰਤੱਖ ਕਲਾ ਵਰਤੀ ਕਿ ਜਾਪ ਸਾਹਿਬ ਦੇ ਪਾਠ ਵੇਲੇ ਕੋਈ ਵੀ ਉਕਾਈ ਨਾ ਹੋਈ, ਜਿਸ ਤੇ ਸਭ ਨੇ ਖੁਸ਼ੀ ਮਨਾਈ । ਸਮਾਗਮ ਬੜੇ ਰੰਗਾਂ ਵਿਚ ਸਮਾਪਤ ਹੋਇਆ । ਇਸ ਛੋਟੀ ਉਮਰ ਵਿਚ ਦਾਸ ਨੂੰ ਜਾਪੁ ਸਾਹਿਬ ਵਰਗੀ ਕਠਨ ਬਾਣੀ ਦਾ ਕੰਠ ਹੋ ਜਾਣਾ, ਇਹ ਸਤਿਗੁਰੂ ਜੀ ਦੀ ਖਾਸ ਬਖ਼ਸ਼ਸ਼ ਹੈ ।

**ਗਿ: ਹੀਰਾ ਸਿੰਘ ਜੀ ਦਰਦ ਨਾਲ ਮਿਲਾਪ–**

ਜਦ ਇਕ ਦਿਨ ਸ੍ਰੀ ਬਾਊ ਜੀ ਨਾਲ ਦੇ ਪਿੰਡ ਝਬਾਲ (ਲਾਇਲਪੁਰ) ਵਿਖੇ ਭਾਈ ਜੈ ਸਿੰਘ ਪਿਤਾ ਡਾਕਟਰ ਅਨੂਪ ਸਿੰਘ (ਮੈਂਬਰ ਪਾਰਲੀਮੈਂਟ) ਨੂੰ ਮਿਲਣ ਗਏ ਤਾਂ ਉਥੇ ਗੁਰਦੁਆਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਉਪਰੰਤ ਕੀਰਤਨ ਕੀਤਾ–

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧॥
ਆਸਾ ਦੀ ਵਾਰ, ਪੰਨਾ ੪੬੮

ਉਥੇ ਕੁਦਰਤ ਨਾਲ ਗਿ: ਹੀਰਾ ਸਿੰਘ ਜੀ ਦਰਦ,* ਜੋ ਉਸ ਵੇਲੇ ਉਸ ਪਿੰਡ ਦੇ ਸਕੂਲ ਵਿਚ ਟੀਚਰ ਲਗੇ ਹੋਏ ਸਨ, ਵੀ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਸਨ । ਕੀਰਤਨ ਦੇ ਭੋਗ ਤੋਂ ਪਿਛੋਂ ਉਹ ਬਾਊ ਜੀ ਨੂੰ ਬੜੇ ਪ੍ਰੇਮ ਨਾਲ ਮਿਲੇ ਤੇ ਦਰਸ਼ਨ ਕਰ ਕੇ ਇਤਨੇ ਪ੍ਰਭਾਵਤ ਹੋਏ ਕਿ ਉਥੇ ਹੀ ਬੇਨਤੀ ਕਰ ਦਿਤੀ ਕਿ ਮੈਂ ਪਰਵਾਰ ਸਹਿਤ ਅੰਮ੍ਰਿਤ ਛਕਣ ਲਈ ਹਾਜ਼ਰ ਹਾਂ, ਮੇਰਾ ਪਰਬੰਧ ਕੀਤਾ ਜਾਵੇ । ਬਾਊ ਜੀ ਨੇ ਆਪਣੇ ਪਿੰਡ ਵਾਪਸ ਆ ਕੇ ਅੰਮ੍ਰਿਤ-ਸਿੰਚਾਰ ਦਾ ਪਰਬੰਧ ਪਿੰਡ ਦੇ ਗੁਰਦੁਆਰੇ ਵਿਖੇ ਕਰ ਦਿਤਾ । ਗਿ: ਹੀਰਾ ਸਿੰਘ ਜੀ ਨੇ ਸਿੰਘਣੀ ਤੇ ਹੋਰ ਸਨੇਹੀਆਂ ਸਮੇਤ ਅੰਮ੍ਰਿਤ ਪਾਨ ਕੀਤਾ ਅਤੇ ਹਮੇਸ਼ਾ ਲਈ ਬਾਊ ਜੀ ਦੇ ਪੱਕੇ ਮਿੱਤਰ ਬਣ ਗਏ ।

**ਜੰਗ ਦੀਆਂ ਤਿਆਰੀਆ–**

ਸਿਮਰਨ ਤੇ ਕੀਰਤਨ ਸਮਾਗਮਾਂ ਦਾ ਪ੍ਰੋਗਰਾਮ ਬੜੇ ਅਨੰਦ ਵਿਚ ਚਲ ਰਿਹਾ ਸੀ ਕਿ ਅਚਾਨਕ ਕਾਨਪੁਰ

*ਗਿ: ਹੀਰਾ ਸਿੰਘ ਜੀ ਦਰਦ ਪੰਥ ਦੇ ਉਘੇ ਕਵੀ, ਲਿਖਾਰੀ ਤੇ ਰਸਾਲਾ 'ਫੁਲਵਾੜੀ' ਦੇ ਸੰਚਾਲਕ ਹੋਏ ਹਨ ।


www.AKJ.Org

ਤੋਂ ਰਸਾਲੇ ਦੇ ਕਰਨੈਲ ਦੀ ਤਾਰ ਆ ਗਈ ਕਿ ਰਸਾਲਾ ਲੜਾਈ (ਪਹਿਲਾ ਵਿਸ਼ਵ ਜੰਗ) ਵਿਚ ਫ਼ਰਾਂਸ ਜਾ ਰਿਹਾ ਹੈ। ਇਕ-ਦਮ ਵਾਪਸ ਪੁਜ ਕੇ ਹਾਜ਼ਰ ਹੋ ਜਾਓ। ਸੋ ਓਸੇ ਵਕਤ ਤਿਆਰੇ ਸ਼ੁਰੂ ਹੋ ਗਏ। ਅਗਲੇ ਦਿਨ ਕਾਨਪੁਰ ਜਾਣ ਲਈ ਗੱਡੀ ਚੜ੍ਹਨਾ ਸੀ। ਨਿਤ ਵਾਂਗ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ ਅਤੇ ਥੜੇ ਤੇ ਆਸਣ ਜਮਾਅ, ਤਿੰਨਾਂ ਨੇ ਸਿਮਰਨ ਤੇ ਨਿਤਨੇਮ ਕੀਤਾ। ਉਪਰੰਤ ਗੁਰਦਵਾਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਅਤੇ ਹੁਕਮਨਾਮਾ ਸੁਣਨ ਲਈ ਪੁਜੇ। ਸ੍ਰੀ ਬਾਊ ਜੀ ਸੱਚੇ ਪਾਤਸ਼ਾਹ ਦੀ ਤਾਬਿਆ ਬੈਠ ਗਏ। ਅੰਦਰੋਂ ਉਠੇ ਕੀਰਤਨ-ਉਛਾਲੇ ਵਿਚ ਇਹ ਸ਼ਬਦ ਗਾਵਿਆ :

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥

[ਆਸਾ ਮ: ੧ ਛੰਤ, ਪੰਨਾ ੪੩੯

ਫਿਰ ਸੱਚੇ ਪਾਤਸ਼ਾਹ ਦਾ ਹੁਕਮ ਲਿਆ ਤੇ ਰੁਮਾਲਾ ਪਾ ਕੇ ਅੰਤਰ-ਧਿਆਨ ਹੋ ਗਏ। ਕਾਫ਼ੀ ਚਿਰ ਪਿਛੋਂ ਨੇਤਰ ਖੋਲ੍ਹੇ ਤੇ ਬੋਲੇ, "ਨਿਹਾਲ ਕੌਰ, ਠਾਕਰ ਸਿੰਘ ਨੂੰ ਗੋਦੀ ਵਿਚ ਲੈ ਲਵੋ।" ਉਨ੍ਹਾਂ ਬਾਂਹਾਂ ਉਪਰ ਕੀਤੀਆਂ ਤੇ ਦਾਸ ਬੀਬੀ ਜੀ ਦੀ ਗੋਦੀ ਵਿਚ ਲੇਟ ਗਿਆ। ਫਿਰ ਤਾਬਿਆ ਚੋਂ ਉਠ ਕੇ ਹਜ਼ੂਰੀ ਵਿਚ ਆ ਖਲੋਤੇ ਤੇ ਅਰਦਾਸ ਕੀਤੀ. "ਸੱਚੇ ਪਾਤਸ਼ਾਹ, ਇਸ ਬੱਚੇ ਦਾ ਮੈਂ ਜਨਮ-ਦਾਤਾ ਨਹੀਂ ਹਾਂ, ਪਰ ਇਸ ਦੇ ਬਚਪਨ ਤੋਂ ਹੀ ਮੈਨੂੰ ਇਸ ਨਾਲ ਇਤਨਾ ਪਿਆਰ ਹੈ ਕਿ ਇਹ ਮੈਨੂੰ ਸਭ ਬੱਚਿਆਂ ਤੋਂ ਪਿਆਰਾ ਹੈ। ਹੇ ਸਤਿਗੁਰੂ ! ਅਜ ਮੈਂ ਆਪ ਦੀ ਹਜ਼ੂਰੀ ਵਿਚ ਇਸ ਨੂੰ ਆਪਣੀ ਸਿੰਘਣੀ ਨਿਹਾਲ ਕੌਰ ਦੀ ਗੋਦੀ ਪਾ ਰਿਹਾ ਹਾਂ ਅਤੇ ਆਪ ਅਗੇ ਅਰਦਾਸ ਕਰ ਰਿਹਾ ਹਾਂ ਕਿ ਇਸ ਸੰਜੋਗ ਦੀ ਆਪ ਮਨਜ਼ੂਰੀ ਬਖ਼ਸ਼ੋ।" ਉਪਰੰਤ ਸਾਨੂੰ ਦੋਹਾਂ ਨੂੰ ਹੁਕਮ ਕੀਤਾ ਕਿ ਸਤਿਗੁਰੂ ਜੀ ਦੇ ਹਜ਼ੂਰ ਮੱਥਾ ਟੇਕੋ। ਅਸਾਂ ਦੋਹਾਂ ਨੇ ਮੱਥਾ ਟੇਕਿਆ। ਆਪ ਜੀ ਅਰਦਾਸ ਦਾ ਭੋਗ ਪਾ ਕੇ ਬੋਲੇ, "ਨਿਹਾਲ ਕੌਰੇ, ਮੈਂ ਅਜ ਜੰਗ ਨੂੰ ਜਾ ਰਿਹਾ ਹਾਂ। ਦਾਤਾ ਜੀ ਸਾਰੇ ਪਰਵਾਰ ਦੀ ਸੰਭਾਲ ਤੇ ਰਖਿਆ ਕਰਨਗੇ। ਦੂਜੇ ਬੱਚੇ ਛੋਟੇ ਹਨ ਤੁਹਾਨੂੰ ਜੋ ਲੋੜ ਹੋਵੇ ਠਾਕਰ ਸਿੰਘ ਨੂੰ ਕਹਿ ਦੇਣਾ, ਇਹ ਆਪ ਜਾਂ ਵਡੇ ਭਾਈ ਸਾਹਿਬ (ਵਰਿਆਮ ਸਿੰਘ ਜੀ) ਤੋਂ ਸੇਵਾ ਕਰਵਾ ਲਿਆ ਕਰੇਗਾ। ਅੰਮ੍ਰਿਤ ਵੇਲੇ ਦਾ ਨਿਤ ਦਾ ਪ੍ਰੋਗਰਾਮ ਹਮੇਸ਼ਾ ਪੂਰਾ ਨਿਭਾਉਣਾ। ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ* ॥"

ਸਭ ਨੇ ਮੱਥਾ ਟੇਕਿਆ ਅਤੇ ਘਰ ਪੁਜ ਕੇ ਦਾਸ ਦੇ ਪਿਤਾ ਜੀ ਤੇ ਦਾਸ ਨੂੰ ਨਾਲ ਲੈ ਕੇ ਸਟੇਸ਼ਨ ਨੂੰ ਚਾਲੇ ਪਾ ਦਿਤੇ। ਬੜੀ ਚੜ੍ਹਦੀ ਕਲਾ ਵਿਚ ਸਾਥੋਂ ਵਿਦਾ ਹੋਏ। ਗਡੀ ਚੜ੍ਹ ਕੇ ਕਾਨਪੁਰ ਪੁਜ ਗਏ।

ਪਹਿਲੇ ਵਿਸ਼ਵ ਜੰਗ ਵਿਚ ਪਰਦੇਸ ਜਾਣ ਲਈ ਰਸਾਲੇ ਦੀ ਪੂਰੀ ਤਿਆਰੀ ਹੋ ਰਹੀ ਸੀ। ਦੋ ਤਿੰਨ ਦਿਨ ਪਿਛੋਂ ਹੀ ਸਾਰਾ ਰਸਾਲਾ ਰੇਲਵੇ ਰਾਹੀਂ ਬੰਬਈ ਪੁਜ ਗਿਆ। ਅਗੇ ਸਮੁੰਦਰੀ ਜਹਾਜ਼ ਉਡੀਕ ਵਿਚ ਖੜੇ ਸਨ। ਜਾਂਦਿਆਂ ਹੀ ਜਹਾਜ਼ ਵਿਚ ਸਵਾਰ ਹੋ ਗਏ। ਪਤਾ ਲਗਾ ਕਿ ਜਹਾਜ਼ ਵਿਚ ਸਾਰੇ ਰਸਾਲੇ ਲਈ ਇਕੋ ਹੀ ਲੰਗਰ-ਅਸਥਾਨ ਹੈ ਤੇ ਉਸ ਟਿਕਾਣੇ ਤੋਂ ਬਾਹਰ ਅੱਗ ਨਹੀਂ ਬਾਲੀ ਜਾ ਸਕਦੀ। ਨਾਲ ਦੇ ਮਿਤਰਾਂ ਨੇ ਬਾਊ ਜੀ ਨੂੰ ਸਲਾਹ ਦਿਤੀ ਕਿ ਤੁਸੀਂ ਵੀ ਇਸੇ ਲੰਗਰ ਵਿਚੋਂ ਪਰਸ਼ਾਦ ਛਕੋ ਤੇ ਹੁਣ ਲੜਾਈ ਵਿਚ ਜਾਣ ਕਰਕੇ ਬਿਬੇਕ ਦੇ ਪਰਸ਼ਾਦੇ ਦਾ ਖ਼ਿਆਲ ਛਡ ਦਿਓ। ਸ੍ਰੀ ਬਾਊ ਜੀ ਨੇ ਬੜੇ ਦ੍ਰਿੜ੍ਹ ਵਿਸ਼ਵਾਸ ਨਾਲ ਉਤਰ ਦਿਤਾ ਕਿ ਜਿਸ ਕਲਗੀਧਰ ਪਿਤਾ ਨੇ ਇਹ ਬਿਬੇਕ ਬਖ਼ਸ਼ਿਆ ਹੈ ਓਹੀ ਨਿਭਾਵੇਗਾ। ਸ੍ਰੀ ਬਾਊ ਜੀ ਰਸਾਲਦਾਰ ਮੇਜਰ ਨੂੰ ਨਾਲ ਲੈ ਕੇ ਰਸਾਲੇ ਦੇ ਕਮਾਂਡ-ਅਫ਼ਸਰ ਕਰਨੈਲ (ਅੰਗਰੇਜ਼ ਅਫ਼ਸਰ) ਨੂੰ ਮਿਲੇ। ਉਹ ਸ੍ਰੀ ਬਾਊ ਜੀ ਦੇ ਧਾਰਮਕ ਜੀਵਨ ਦੀ ਕਦਰ ਕਰਦਾ ਸੀ। ਉਸ ਨੇ ਹੁਕਮ ਕੀਤਾ, ਜਦ ਲੰਗਰ ਤਿਆਰ ਹੋ ਜਾਵੇ ਤਾਂ ਉਸ ਦੇ ਪਿਛੋਂ ਇਹ ਆਪਣਾ ਪਰਸ਼ਾਦਾ ਉਸ ਥਾਂ ਤੇ ਤਿਆਰ ਕਰ ਸਕਦੇ ਹਨ। ਹੋਰ ਕਿਸੇ ਮੁਸ਼ਕਲ ਤੋਂ ਬਿਨਾਂ ਜਹਾਜ਼ ਮਾਰਸੇਲਜ਼ (ਫ਼ਰਾਂਸ) ਵਿਚ ਜਾ ਲਗਾ। ਸਾਰੇ ਸਫ਼ਰ ਵਿਚ ਸ੍ਰੀ ਬਾਊ ਜੀ ਆਪਣਾ ਪਰਸ਼ਾਦਾ ਆਪ ਤਿਆਰ ਕਰਦੇ ਰਹੇ।

---

*ਗਉੜੀ ਸੁਖਮਨੀ ਮ: ੫, ਪੰਨਾ ੨੮੬



www.AKJ.Org

**ਫ਼ਰਾਂਸ ਵਿਚ–**

ਜਹਾਜ਼ੋਂ ਉਤਰ ਕੇ ਇਹ ਰਸਾਲੇ ਤੋਂ ਵਖਰੇ ਕਰ ਦਿਤੇ ਗਏ ਤੇ ਲੜਾਈ ਤੋਂ ਪਿਛੇ ਬੇਸ-ਲਾਈਨ ਰੂਏਨ (Ruen) ਸ਼ਹਿਰ (ਪੈਰਸ ਤੋਂ ਉਪਰ) ਰਸਾਲੇ ਦੇ ਦਫ਼ਤਰ ਵਿਚ ਪੁਜ ਗਏ। ਉਥੇ ਰਿਹਾਇਸ਼ ਦਾ ਪਰਬੰਧ ਤਾਂ ਠੀਕ ਸੀ, ਪਰ ਸਰਦੀ ਅਤਿ ਦੀ ਪੈ ਰਹੀ ਸੀ। ਆਪ ਜੀ ਨਾ ਸ਼ਰਾਬ,ਨਾ ਮਾਸ ਤੇ ਨਾ ਕੋਈ ਬਜ਼ਾਰ ਦੀ ਚੀਜ਼ ਖਾਂਦੇ ਸਨ। ਆਟਾ ਦਾਲ ਜੋ ਮਿਲਦਾ ਸੀ, ਉਹ ਠੀਕ ਨਹੀਂ ਸੀ। ਅੰਮ੍ਰਿਤ ਵੇਲੇ ਉਠ ਕੇ ਠੰਢੇ ਜਲ ਨਾਲ ਇਸ਼ਨਾਨ ਕਰਨਾ ਭਾਵੇਂ ਬੜਾ ਔਖਾ ਹੁੰਦਾ ਸੀ, ਪਰ ਆਪ ਜੀ ਇਨ੍ਹਾਂ ਕਠਨਾਈਆਂ ਵਿਚ ਰੋਜ਼ ਦੀ ਕਿਰਿਆ ਇਸ਼ਨਾਨ, ਸਿਮਰਨ, ਨਿਤਨੇਮ ਨੂੰ ਪੂਰੀ ਲਗਨ ਤੇ ਉਤਸ਼ਾਹ ਨਾਲ ਨਿਭਾਉਂਦੇ ਰਹੇ। ਕੁਝ ਸਮੇਂ ਪਿਛੋਂ ਆਪ ਜੀ ਨੇ ਹੋਰ ਸਿਖ ਅਫ਼ਸਰਾਂ ਦੇ ਨਾਲ ਮਿਲ ਕੇ, ਉਪਰ ਜਰਨੈਲ ਨੂੰ ਕਹਿ ਕੇ, ਹਿੰਦ ਸਰਕਾਰ ਦੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਉਥੇ ਮੰਗਵਾ ਲਈ, ਜਿਸ ਦੀ ਸੇਵਾ ਇਨ੍ਹਾਂ ਆਪਣੇ ਜ਼ਿਮੇ ਲੈ ਲਈ। ਦੇਸ਼ ਵਾਂਗ, ਉਥੇ ਵੀ ਹਰ ਐਤਵਾਰ ਕੀਰਤਨ ਸਮਾਗਮ ਤੇ ਸੰਗਤ ਦੇ ਦੀਵਾਨ ਸਜਣੇ ਸ਼ੁਰੂ ਹੋ ਗਏ। ਉਥੇ ਆਪ ਜੀ ਦਾ ਜੀਵਨ ਇਕ ਜੋਗੀ ਦਾ ਜੀਵਨ ਸੀ, ਜਿਸ ਨੂੰ ਆਪਣੇ ਦਫ਼ਤਰੀ ਕੰਮ ਤੋਂ ਛੁਟ ਨਾਮ-ਬਾਣੀ ਦਾ ਹੀ ਆਹਰ ਸੀ ਅਤੇ ਬਾਹਰਲੀ ਦੁਨੀਆ ਨਾਲ ਕੋਈ ਲਗਾਉ ਨਹੀਂ ਸੀ।

ਇਕ ਦਿਨ ਆਪ ਬਾਹਰੋਂ ਸੈਰ ਕਰਕੇ ਇਕੱਲੇ ਆ ਰਹੇ ਸਨ ਕਿ ਰਸਤੇ ਵਿਚ ਦੋ ਬੈੱਲਜੀਅਮ ਯੁਵਤੀਆਂ ਮਿਲ ਪਈਆਂ। ਉਨ੍ਹਾਂ ਬਾਊ ਜੀ ਨੂੰ ਅੰਗਰੇਜ਼ੀ ਵਿਚ ਕਿਹਾ ਕਿ ਸਾਡੇ ਨਾਲ ਸੈਰ ਤੇ ਚਲੋ। ਆਪ ਨੇ ਕਿਹਾ ਕਿ ਮੈਂ ਤਾਂ ਸੈਰ ਕਰ ਆਇਆ ਹਾਂ। ਉਨ੍ਹਾਂ ਫਿਰ ਸੈਰ ਕਰਨ ਲਈ ਮਜਬੂਰ ਕੀਤਾ ਤਾਂ ਆਪ ਨਾਲ ਤੁਰ ਪਏ। ਥੋੜੀ ਦੂਰ ਜਾ ਕੇ ਉਹ ਬੈਂਚ ਤੇ ਬੈਠ ਗਈਆਂ ਅਤੇ ਬਾਊ ਜੀ ਨੂੰ ਵਿਚਕਾਹੇ ਬਿਠਾ ਲਿਆ ਤੇ ਅੰਗਰੇਜ਼ੀ ਵਿਚ ਬੋਲੀਆਂ, "Helo, undian* gentleman, do you like Belguim lady ?" (ਐ ਭਾਰਤੀ ਨੌਜੁਆਨ, ਕੀ ਤੂੰ ਬੈੱਲਜੀਅਮ ਲੇਡੀ ਪਸੰਦ ਕਰਦਾ ਹੈਂ ?) ਤਾਂ ਆਪ ਜੀ ਨੇ ਉਤਰ ਦਿਤਾ, "yes I like all ladies as my mother, sister and daughter" (ਹਾਂ, ਮੈਂ ਸਭ ਔਰਤਾਂ ਨੂੰ ਆਪਣੀ ਮਾਂ, ਭੈਣ ਤੇ ਲੜਕੀ ਵਾਂਗ ਪਿਆਰ ਕਰਦਾ ਹਾਂ)।

ਸ੍ਰੀ ਬਾਊ ਜੀ ਦਾ ਇਹ ਗੌਰਵ-ਮਈ ਉਤਰ ਸੁਣਦਿਆਂ ਸਾਰ ਉਹ ਕਾਮ-ਵਾਸ਼ਨਾ ਵਿਚ ਮਤੀਆਂ ਹੋਈਆਂ ਯੁਵਤੀਆਂ ਉਪਰ ਨੂੰ ਬਾਹਾਂ ਉਲਾਰ ਕੇ ਹਾ ਹਾ ਕਰਦੀਆਂ ਉਠ ਭਜੀਆਂ। ਇਹ ਆਪ ਦੇ ਪਰਮਾਰਥੀ ਔਜ ਦੁਆਰਾ ਘੜੇ ਹੋਏ ਉਚੇ ਸੁਚੇ ਆਚਰਨ ਦੀ ਟੂਕ ਮਾਤਰ ਇਕ ਮਿਸਾਲ ਹੈ। ਆਪ ਜੀ ਕਿਹਾ ਕਰਦੇ ਸਨ ਕਿ ਕਲਜੁਗ ਵਿਚ ਕਾਮ ਪਰਧਾਨ ਹੈ, ਨਾਮ ਦੀ ਅਤੁਟ ਕਮਾਈ ਕੀਤਿਆਂ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਆਪ ਜੀ ਇਹ ਤੁਕਾਂ ਆਮ ਕਰਕੇ ਪੜ੍ਹਦੇ ਹੁੰਦੇ ਸਨ–

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੁਹਾਗਾ ਢਾਲੈ ॥੧੮॥ (੯੩੨)

ਅਤੇ– ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥੪੬॥

[ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮

ਸ੍ਰੀ ਬਾਊ ਜੀ ਫ਼ਰਾਂਸ ਵਿਚ ਤਿੰਨ ਸਾਲ ਦੇ ਕਰੀਬ ਰਹੇ। ਆਪਣਾ ਬਿਬੇਕ ਦਾ ਪਰਸ਼ਾਦਾ ਆਪ ਹੀ ਸਜਾਂਦੇ ਰਹੇ। ਇਸ ਸਮੇਂ ਵਿਚ ਆਪ ਨੇ ਨਾਮ-ਬਾਣੀ ਕੀਰਤਨ ਤੇ ਸਤਸੰਗ ਦੇ ਬੜੇ ਅਤੁਟ ਪਰਵਾਹ ਚਲਾਏ, ਜਿਸ ਕਰਕੇ ਫ਼ਰਾਂਸ ਵਿਚ ਵਿਚਰ ਰਹੀਆਂ ਸਿਖ ਫ਼ੌਜਾਂ ਵਿਚ ਆਪ ਦੀ ਬੜੀ ਕੀਰਤੀ ਫੈਲ ਗਈ। ਇਸ ਬਾਰੇ ਸਹਿਜ ਸੁਭਾਇ ਬਚਨ ਕਰਦਿਆਂ ਇਕੇਰਾਂ ਬਾਊ ਜੀ ਨੇ ਦਸਿਆ ਸੀ ਕਿ ਰਸਾਲੇ ਵਿਚ ਆ ਕੇ ਕਈ ਸਿੰਘਾਂ ਨੇ

*ਬੈਲਜੀਅਮ ਵਿਚ ਭਾਰਤੀਆਂ ਨੂੰ ਅੰਡੀਅਨ ਕਹਿੰਦੇ ਹਨ।



www.AKJ.Org

ਪੁਛਣਾ ਕਿ ਜੀ, ਅਸੀਂ ਇਥੇ ਇਕ ਬਾਬੂ ਨੂੰ ਮਿਲਣਾ ਹੈ, ਉਹ ਸ਼ਬਦ ਬੜੇ ਪੜ੍ਹਦਾ ਹੈ । ਫਿਰ ਜਦ ਮੈਂ ਦਫਤਰੋਂ ਬਾਹਰ ਆਉਣਾ ਤਾਂ ਕਈ ਵਾਰ ਬਾਹਰ ਉਡੀਕ ਵਿਚ ਕਈ ਸਜਣ ਖੜੋਤੇ ਹੋਣੇ, ਜਿਨ੍ਹਾਂ ਨੇ ਬੜੇ ਪਿਆਰ-ਸਤਿਕਾਰ ਨਾਲ ਮਿਲਣਾ ਅਤੇ ਮਿਲ ਕੇ ਬੜੀ ਖ਼ੁਸ਼ੀ ਪ੍ਰਤੀਤ ਕਰਨੀ ।

ਗੁਰੂ-ਘਰ ਤੇ ਸਤਸੰਗ ਸਮਾਗਮਾਂ ਨੂੰ ਬਾਊ ਜੀ ਆਪਣੀ ਸਰਕਾਰੀ ਡਿਊਟੀ ਨਾਲੋਂ ਵੀ ਉਚਤਮ ਸਮਝਦੇ ਸਨ । ਇਥੇ ਰਹਿੰਦਿਆਂ ਇਕ ਵੇਰ ਫ਼ੌਜ ਵਿਚ ਚੜ੍ਹਾਈ ਕਰ ਗਏ ਕਿਸੇ ਸਿੰਘ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਰੰਭ ਕਰਾਉਣਾ ਸੀ ਤੇ ਇਸ ਸੰਬੰਧ ਵਿਚ ਕਿਸੇ ਦੂਜੀ ਯੂਨਿਟ ਵਿਚ ਕਿਸੇ ਪਾਠੀ ਸਿੰਘ ਨੂੰ ਸੂਚਨਾ ਦੇਣ ਜਾਣਾ ਸੀ । ਬਾਊ ਜੀ ਦੀ ਡਿਊਟੀ ਟੈਲੀਫੋਨ ਤੇ ਲਗੀ ਹੋਈ ਸੀ, ਜਿਸ ਨੂੰ ਛਡ ਕੇ ਜਾਣਾ ਵੀ ਬੜਾ ਔਖਾ ਸੀ । ਧਾਰਮਿਕ ਕੰਮ ਨੂੰ ਮੁਖ ਸਮਝਦਿਆਂ ਹੋਇਆਂ ਆਪ ਜੀ ਕਿਸੇ ਦੂਜੇ ਕਲਰਕ ਨੂੰ ਇਹ ਕਹਿ ਕੇ ਪਾਠੀ ਨੂੰ ਇਤਲਾਹ ਦੇਣ ਚਲੇ ਗਏ ਕਿ ਮੇਰੀ ਥਾਂ ਤੇ ਟੈਲੀਫ਼ੋਨ ਅਟੈਂਡ ਕਰੇ । ਗੁਰੂ ਭਾਣੇ ਵਿਚ ਉਹ ਕਲਰਕ ਇਹ ਗੱਲ ਭੁਲ ਗਿਆ । ਪਿਛੋਂ ਕੋਈ ਚੈਕਿੰਗ ਅਫ਼ਸਰ ਆਇਆ ਤਾਂ ਡਿਊਟੀ ਤੇ ਕਿਸੇ ਨੂੰ ਨਾ ਵੇਖ ਕੇ ਰੀਪੋਰਟ ਕਰ ਦਿਤੀ । ਮਾਮਲਾ ਕਮਾਂਡ-ਅਫ਼ਸਰ ਕੋਲ ਚਲਾ ਗਿਆ । ਬਾਊ ਜੀ ਦੀ ਪੇਸ਼ੀ ਹੋਈ ਤਾਂ ਕਮਾਂਡ ਅਫ਼ਸਰ ਨੇ ਬਾਊ ਜੀ ਨੂੰ ਕਿਹਾ ਕਿ ਤੂੰ ਸੀਨੀਅਰ ਕਲਰਕ ਸੈਂ, ਤੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ । ਬਸ ਜਾਓ, ਆਗੇ ਕੋ ਐਸਾ ਨਾ ਕਰਨਾ । ਇਹ ਸ੍ਰੀ ਬਾਊ ਜੀ ਦੇ ਧਾਰਮਕ ਉਚੇ ਸੁਚੇ ਜੀਵਨ ਦੀਆਂ ਹੀ ਬਰਕਤਾਂ ਸਨ ਕਿ ਅਫ਼ਸਰ ਵੀ ਆਪ ਦੀ ਕਦਰ ਤੇ ਇਜ਼ਤ ਕਰਦੇ ਸਨ । ਬਾਊ ਜੀ ਦੀ ਲਿਆਕਤ ਤੇ ਈਮਾਨਦਾਰੀ ਦਾ ਸਿੱਕਾ ਅਫ਼ਸਰਾਂ ਦੇ ਮਨ ਉਤੇ ਬੈਠਾ ਹੋਇਆ ਸੀ । ਦੂਜੇ ਧਰਮਾਂ ਦੇ ਵੀ ਫ਼ੌਜੀ ਸਾਥੀ ਆਪ ਦੇ ਧਾਰਮਕ ਜੀਵਨ ਕਰਕੇ ਬਾਊ ਜੀ ਨਾਲ ਪਿਆਰ-ਸਤਿਕਾਰ ਨਾਲ ਪੇਸ਼ ਆਉਂਦੇ ਸਨ ।

ਫ਼ਰਾਂਸ ਵਿਚ ਬਰਫ਼ਾਨੀ ਸਰਦੀ ਦੇ ਨਾਲ ਨਾਲ ਨਰੋਈ ਤੇ ਢੁਕਵੀਂ ਖ਼ੁਰਾਕ ਦੀ ਥਾਂ ਨਾਕਸ ਖ਼ੁਰਾਕ ਮਿਲਣ ਕਰਕੇ ਹੌਲੀ ਹੌਲੀ ਸ੍ਰੀ ਬਾਊ ਜੀ ਦਾ ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ । ਅਤੇ ਤੀਜੇ ਸਾਲ ਜਦ ਡਾਕਟਰ ਨੇ ਸਰੀਰਕ ਮੁਆਇਨਾ ਕੀਤਾ ਤਾਂ ਦਸਿਆ ਕਿ ਇਸ ਥੋੜੇ ਥੋੜੇ ਹਲਕੇ ਬੁਖ਼ਾਰ ਦਾ ਕਾਰਨ ਖਬੇ ਫੇਫੜੇ ਵਿਚ ਟੀ. ਬੀ. (ਤਪਦਿਕ) ਦੀ ਬੀਮਾਰੀ ਦਾ ਉਗਵ ਪੈਣਾ ਹੈ । ਸੋ ਵਡੇ ਡਾਕਟਰ ਨੇ ਵਾਪਸ ਹਿੰਦੁਸਤਾਨ ਜਾ ਕੇ ਇਲਾਜ ਕਰਾਉਣ ਦੀ ਸਿਫ਼ਾਰਸ਼ ਕਰ ਦਿਤੀ । ਉਹ ਡਾਕਟਰ ਸਾਹਿਬ ਇਕ ਸਿੰਘ ਜੀ ਸਨ, ਜੋ ਇਨ੍ਹਾਂ ਦੇ ਬਿਬੇਕ ਨੂੰ ਚੰਗੀ ਤਰ੍ਹਾਂ ਜਾਣਦੇ ਸਨ । ਉਨ੍ਹਾਂ ਨੇ ਬਾਊ ਜੀ ਦੇ ਨਾਲ ਇਕ ਅੰਮ੍ਰਿਤਧਾਰੀ ਸਿੰਘ ਨੂੰ ਸਹਾਇਤਾ ਲਈ ਭੇਜ ਦਿਤਾ ।

**ਗੁਰਮਤਿ ਬਿਬੇਕ–**

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ [ਸਿਰੀਰਾਗੁ ਮ: ੫, ਪੰਨਾ ੫੨

ਸਤਿਗੁਰਾਂ ਦੇ ਸਮੂਹ ਬਚਨਾਂ ਰੂਪੀ ਹੁਕਮ ਜੋ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦਰਸਾਉਂਦੀ ਹੈ ਅਤੇ ਇਸੇ ਰੌਸ਼ਨੀ ਵਿਚ ਰਹਿਤਨਾਮਿਆਂ ਤੋਂ ਸੇਧ ਮਿਲਦੀ ਹੈ ਜਾਂ ਸੀਨਾ ਬਸੀਨਾ ਚਲੇ ਆਉਂਦੇ ਹਨ, ਉਨ੍ਹਾਂ ਸਮੂਹ ਹੁਕਮਾਂ ਨੂੰ ਮਨ, ਬਚ, ਕਰਮ ਕਰਕੇ ਕਮਾਉਣਾ ਗੁਰਮਤਿ ਬਿਬੇਕ ਹੈ । ਇਨ੍ਹਾਂ ਸਮੂਹ ਹੁਕਮਾਂ ਦਾ ਤਤਸਾਰ ਨਾਮ-ਸਿਮਰਨ ਦੀ ਕਮਾਈ ਕਰਨਾ ਹੈ । ਹੋਰ ਸਮੂਹ ਹੁਕਮ ਇਸ ਤਤਸਾਰ ਗੁਰਮਤਿ ਕਰਮ–ਸਿਫਤ ਸਲਾਹ–ਦੇ ਸਹਾਈ ਕਰਮ ਹਨ ਅਤੇ ਸਾਰੇ ਸੰਜਮ ਸਾਧਨ-ਸੰਯੁਕਤ ਨਾਮ ਦੇ ਹੀ ਵਿਧਾਨ ਰੂਪ ਹਨ । ਆਤਮਕ ਜੀਵਨ ਦੀ ਉਨਤੀ ਲਈ ਬਿਬੇਕ ਧਾਰਨ ਕਰਨਾ, ਪਰਮਾਰਥੀ ਜੀਵਨ ਦੇ ਮੁਤਲਾਸ਼ੀ ਸਿਖ ਲਈ ਬਹੁਤ ਹੀ ਲਾਭਦਾਇਕ ਤੇ ਜ਼ਰੂਰੀ ਹੈ । ਇਨ੍ਹਾਂ ਗੁਰਮਤਿ ਹੁਕਮਾਂ ਨੂੰ ਨਿਭਾਉਣ ਖ਼ਾਤਰ ਗੁਰਸਿਖਾਂ ਨੂੰ ਕਈ ਕਠਨਾਈਆਂ ਵੀ ਝਲਣੀਆਂ ਪੈਂਦੀਆਂ ਹਨ । ਫ਼ਰਾਂਸ ਵਿਚ ਜਿਥੇ ਬਾਊ ਜੀ ਦਾ ਰਸਾਲਾ ਸਥਿਤ ਸੀ ਉਥੇ ਸਖ਼ਤ ਸਰਦੀ ਪੈਂਦੀ ਸੀ । ਇਸ ਬਰਫ਼ਾਨੀ ਇਲਾਕੇ ਵਿਚ ਬਰਫ਼ ਵਰਗੇ ਠੰਢੇ ਜਲ ਨਾਲ ਅੰਮ੍ਰਿਤ ਵੇਲੇ ਜਾਗ ਕੇ ਸਣ-ਕੇਸੀਂ ਸਾਰੇ ਸਰੀਰ ਦਾ ਇਸ਼ਨਾਨ



www.AKJ.Org

ਕਰਨਾ ਕੋਈ ਸਧਾਰਨ ਗੱਲ ਨਹੀਂ, ਜੋ ਸ੍ਰੀ ਬਾਊ ਜੀ ਨਿਤਾਪ੍ਰਤ ਨੇਮ ਨਾਲ ਫ਼ਰਾਂਸ ਵਿਚ ਨਿਭਾਉਂਦੇ ਰਹੇ। ਇਸ਼ਨਾਨ ਤੋਂ ਬਾਅਦ ਸ੍ਰੀ ਬਾਊ ਜੀ ਨਾਮ-ਅਭਿਆਸ ਵਿਚ ਜੁੱਟ ਜਾਂਦੇ, ਜੋ ਪਹੁ-ਫੁਟਾਲੇ ਤਕ ਘੰਟਿਆਂ ਬੱਧੀ ਲਗਾਤਾਰ ਜਾਰੀ ਰਹਿੰਦਾ। ਫਿਰ ਦਿਨ ਦੇ ਚੜ੍ਹਾ ਨਾਲ ਅੰਮ੍ਰਿਤ-ਮਈ ਬਾਣੀਆਂ ਦੇ ਪਾਠ ਅਰੰਭ ਕਰ ਦਿੰਦੇ। ਨਿਤਨੇਮ ਉਪਰੰਤ ਗੁਰਦੁਆਰਾ ਅਸਥਾਨ ਤੰਬੂ ਵਿਚ ਪੁਜਦੇ। ਸਫ਼ਾਈ-ਵਿਛਾਈ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਹੁਕਮ ਲੈਂਦੇ। ਉਥੇ ਹੋਰ ਨੇਮੀ ਪ੍ਰੇਮੀ ਫ਼ੌਜੀ ਵੀ ਪੁਜ ਜਾਂਦੇ। ਹਰ ਐਤਵਾਰ ਨੂੰ ਗਹਿਗਡਵਾਂ ਦੀਵਾਨ ਸਜਦਾ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਰੋਜ਼ਾਨਾ ਗੁਰਦੁਆਰਾ ਸਾਹਿਬ ਦੀ ਹਜ਼ੂਰੀ ਉਪਰੰਤ ਆਪਣੇ ਅਸਥਾਨ ਤੇ ਪੁਜ ਕੇ ਇਸ ਹੁਕਮ ਦੀ ਪਾਲਣਾ ਕਰਦੇ–

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥ (੭੯੦)

ਗੁਰ-ਹੁਕਮ ਦੀ ਪਾਲਨਾ ਕਰਦੇ ਹੋਏ ਆਪਣਾ ਪਰਸ਼ਾਦਾ ਆਪ ਸਜਾਂਦੇ, ਕਿਉਂਕਿ ਖਾਲਸੇ ਨੂੰ ਖਾਲਸੇ ਨਾਲ ਹੀ ਅਭੇਦ ਵਰਤੋਂ-ਵਿਹਾਰ ਖਾਣ ਪਾਣ ਰਖਣ ਦਾ ਹੁਕਮ ਹੈ, ਬੇ-ਅੰਮ੍ਰਿਤੀਆਂ ਬੇਦੀਨਾਂ ਨਾਲ ਨਹੀਂ। ਖਾਲਸੇ ਦੀ ਰੋਟੀ-ਬੇਟੀ ਦੀ ਸਾਂਝ ਖਾਲਸੇ ਨਾਲ ਹੀ ਹੋ ਸਕਦੀ ਹੈ। ਇਸੇ ਕਰਕੇ ਸ੍ਰੀ ਬਾਊ ਜੀ ਬੇਅੰਮ੍ਰਿਤੀਆਂ ਦਾ ਤਿਆਰ ਕੀਤਾ ਹੋਇਆ ਪ੍ਰਸ਼ਾਦਾ ਨਹੀਂ ਛਕਦੇ ਸਨ ਅਤੇ ਆਪਣਾ ਲੰਗਰ ਆਪ ਹੀ ਤਿਆਰ ਕਰਦੇ ਸਨ। ਇਸ ਤੋਂ ਉਪਰੰਤ ਫਿਰ ਦਿਨ ਭਰ ਸਰਕਾਰੀ ਡਿਊਟੀ ਦਿੰਦੇ। ਦਫਤਰ ਦਾ ਕਾਰ ਵਿਹਾਰ ਵੀ ਪੂਰੀ ਤਨ-ਦੇਹੀ ਨਾਲ ਨਿਭਾਉਂਦੇ ਹੋਏ ਨਾਮ-ਸਿਮਰਨ ਜਾਰੀ ਰਖਦੇ। ਸ਼ਾਮ ਨੂੰ ਫਿਰ ਗੁਰਦੁਆਰੇ ਸਾਹਿਬ ਸੋਦਰ ਦਾ ਦੀਵਾਨ ਸਜਦਾ।

ਅਜਿਹੀ ਕਠਨ ਤਪੱਸਿਆ ਨਿਭਾਉਂਦਿਆਂ ਸਰੀਰ ਨੂੰ ਸੁਸਥ ਰਖਣ ਲਈ ਨਰੋਈ ਖ਼ੁਰਾਕ ਦੀ ਲੋੜ ਹੁੰਦੀ ਹੈ। ਇਸ ਪ੍ਰਥਾਇ ਗੁਰਬਾਣੀ ਦਾ ਸਪਸ਼ਟ ਹੁਕਮ ਹੈ–

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕੋ ਪਾਲਿ ॥੨॥੧੪॥ (੫੫੪)

ਪ੍ਰਭੂ-ਸਿਮਰਨ ਵਿਚ ਨਿਮਗਨ ਰਹਿੰਦਿਆਂ ਸਰੀਰ ਦੀ ਸੰਭਾਲ ਤੇ ਚੰਗੀ ਪਾਲਣਾ ਪੋਸਣਾ ਕਰਨੀ ਅਤਿ ਲੋੜੀਂਦੀ ਹੈ। ਸੋ ਬਾਊ ਜੀ ਨਾਮ-ਸਿਮਰਨ ਦੀ ਤਪ-ਤਪੱਸਿਆ ਤਾਂ ਪੂਰਨ ਤੌਰ ਤੇ ਕਰਦੇ ਸਨ, ਪਰ ਫ਼ੌਜੀ ਰਾਸ਼ਨ ਚੰਗਾ ਨਾ ਮਿਲਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਨਰੋਈ ਤੇ ਯੋਗ ਖੁਰਾਕ ਨਾ ਮਿਲ ਸਕੀ। ਨਤੀਜਾ ਇਹ ਹੋਇਆ ਕਿ ਸਹਿਜੇ ਸਹਿਜੇ ਸਰੀਰ ਕਮਜ਼ੋਰ ਹੋਣ ਲਗ ਪਿਆ, ਜੋ ਕੁਝ ਸਮੇਂ ਬਾਅਦ ਹਲਕਾ ਹਲਕਾ ਬੁਖਾਰ ਰਹਿ ਕੇ ਬੀਮਾਰੀ ਦਾ ਰੂਪ ਧਾਰਨ ਕਰ ਗਿਆ।

ਸ੍ਰੀ ਬਾਊ ਜੀ ਵਾਂਗ ਹੀ ਬਿਬੇਕ ਰਹਿਤ-ਰਹਿਣੀ ਨਿਭਾਉਂਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਭੀ ਜੇਲ੍ਹਾਂ ਵਿਚ ਅਤਿ ਦਰਜੇ ਦੀਆਂ ਕਠਨਾਈਆਂ ਤੇ ਜੇਲ੍ਹ-ਸਖ਼ਤੀਆਂ ਝਲਣੀਆਂ ਪਈਆਂ। ਕਈ ਕਈ ਹਫਤਿਆਂ ਦੇ ਕੜਾਕੇ ਸਹਿਣੇ ਪਏ ਅਤੇ ਮੁਲਤਾਨ ਵਰਗੇ ਜੇਲ੍ਹ ਵਿਚ, ਜਿਥੇ ਅਤਿ ਦਰਜੇ ਦੀ ਗਰਮੀ ਪੈਂਦੀ ਹੈ, ਚਾਲੀ ਚਾਲੀ ਦਿਨ ਦੀ ਭੁਖ-ਹੜਤਾਲ ਬਿਬੇਕ ਨਿਭਾਉਣ ਖ਼ਾਤਰ ਕਰਨੀ ਪਈ। ਜੇਠ ਹਾੜ ਦੀ ਕੜਕਦੀ ਧੁਪ ਵਿਚ ਜ਼ਾਲਮਾਂ ਨੇ ਸਵੇਰੇ ਅਠ ਵਜੇ ਲਟਕਾ ਦੇਣਾ, ਹਥਕੜੀ ਸਮੇਤ ਹੱਥ ਉਪਰ ਬੰਨ੍ਹ ਦੇਣੇ ਅਤੇ ਹੇਠ ਬੇੜੀਆਂ ਸਮੇਤ ਪੈਰ ਬੰਨ੍ਹ ਦੇਣੇ। ਦੁਪਹਿਰ ਵੇਲੇ ਇਹ ਲੋਹੇ ਦੀਆਂ ਡੰਡੇ-ਬੇੜੀਆਂ ਤੇ ਹੱਥਕੜੀਆਂ ਧੁੱਪ ਨਾਲ ਤਪ ਕੇ ਅੱਗ ਵਾਂਗ ਹੋ ਜਾਂਦੀਆਂ, ਨੱਕ ਤੋਂ ਨਕਸੀਰਾਂ ਛੁਟ ਪੈਂਦੀਆਂ ਸਨ। ਸ਼ਾਮ ਨੂੰ ਕਿਤੇ ਸਤ ਵਜੇ ਜਾ ਕੇ ਟਿਕਟਿਕੀ ਤੋਂ ਉਤਾਰ ਕੇ ਕੋਠੀ ਵਿਚ ਸੁਟ ਜਾਣਾ। ਕੇਵਲ ਨਾਮ ਦੇ ਆਸਰੇ ਹੀ ਸਰੀਰ ਕਾਇਮ ਰਿਹਾ, ਨਹੀਂ ਤਾਂ ਇੰਨੇ ਭਿਆਨਕ ਤਸੀਹਿਆਂ ਦੇ ਨਾਲ ਅੰਨ-ਜਲ ਤੋਂ ਬਿਨਾਂ ਸਰੀਰ ਕਾਇਮ ਰਹਿ ਹੀ ਨਹੀਂ ਸਕਦਾ। ਬਿਬੇਕ ਨਿਭਾਉਣ ਖ਼ਾਤਰ ਹੀ ਸ੍ਰੀ ਭਾਈ ਸਾਹਿਬ ਜੀ ਨੂੰ ਹੋਰ ਜੇਲ੍ਹਾਂ ਵਿਚ ਵੀ ਬੜੀਆਂ ਸਖ਼ਤੀਆਂ ਸਹਿਣੀਆਂ ਪਈਆਂ। ਨਾਗਪੁਰ ਜੇਲ੍ਹ ਵਿਚ ਤਾਂ ਸਖਤੀਆਂ ਦੀ ਹੱਦ ਹੋ ਗਈ। ਜ਼ਾਲਮਾਂ ਨੇ ਫ਼ੋਰਸ-ਫ਼ੀਡਿੰਗ (ਜਬਰੀ ਖ਼ੁਰਾਕ) ਕਰਦਿਆਂ ਆਪ ਜੀ ਦੇ ਦੰਦ ਭੰਨੇ, ਮੂੰਹ ਵਿਚ ਲਕੜ ਦਾ ਲਗਾਮ ਦੇ ਕੇ ਜਬਾੜੇ ਪਾੜੇ। ਮਾਰ-ਕੁਟ


www.AKJ.Org

# ਭਾਈ ਘਨੱਈਆ ਜੀ

[ਪ੍ਰੋਫ਼ੈਸਰ ਸਾਹਿਬ ਸਿੰਘ ਜੀ. ਡੀ. ਲਿਟ]

ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਗ਼ਰੀਬਾਂ ਦੀ ਬਾਂਹ ਗੁਰੂ ਨਾਨਕ ਪਾਤਿਸ਼ਾਹ ਨੇ ਆ ਕੇ ਫੜੀ, ਉਹਨਾਂ ਨੂੰ ਧੀਰਜ ਦੇ ਕੇ ਆਖਿਆ—ਤਕੜੇ ਹੋਵੋ, ਇਕ ਅਕਾਲ ਪੁਰਖ ਦੀ ਓਟ ਲੈ ਕੇ ਮਨੁੱਖ ਬਣੋ। ਉਹਨਾਂ ਦੀ ਹੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬਾਂ ਨੂੰ ਇਹਨਾਂ ਹੀ ਪੂਰਨਿਆਂ ਤੇ ਤੋਰਿਆ, ਗਰੀਬ ਅਮੀਰ, ਉੱਚੇ ਨੀਵੇਂ, ਸਭ ਨੂੰ ਇਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਗਰੀਬਾਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਕਰ ਦਿਤਾ। ਪਰ ਗਰੀਬ ਜਨਤਾ ਦੀ ਅਜਿਹੀ ਜਾਗ੍ਰਤ ਹਾਕਮ-ਸ਼੍ਰੇਣੀ ਲਈ ਸਦਾ ਖ਼ਤਰੇ-ਭਰੀ ਹੋਇਆ ਕਰਦੀ ਹੈ। ਦਿੱਲੀ ਦਾ ਤਖ਼ਤ ਡੋਲ ਉੱਠਿਆ। ਗਰੀਬਾਂ ਦਾ ਦਰਦ ਵੰਡਣ ਵਾਲੇ ਪਾਤਿਸ਼ਾਹ-ਦਿਲ ਸੰਤ-ਸਿਪਾਹੀ ਗੁਰੂ ਉਤੇ ਫ਼ੌਜਾਂ ਦੇ ਕਟਕ ਚੜ੍ਹ ਆਏ। ਜਿਉਂ ਜਿਉਂ ਸਿਖ-ਪਤੰਗਿਆਂ ਨੂੰ ਖਬਰਾਂ ਮਿਲਦੀਆਂ ਗਈਆਂ, ਸ਼ਮਹ-ਸਤਿਗੁਰੂ ਤੋਂ ਸਦਕੇ ਹੋਣ ਲਈ ਆਉਣ ਲੱਗ ਪਏ। ਉਸ ਸਮੇ ਦੇ ਇਕ ਸਿੱਖ ਭਾਈ ਘਨੱਈਏ ਦੀ ਸਾਖੀ ਸਿਖ-ਇਤਿਹਾਸ ਵਿਚ ਬਹੁਤ ਰੋਸ਼ਨ ਹੈ। ਜਦੋਂ ਭਾਈ ਘਨੱਈਏ ਨੇ ਆ ਕੇ ਗੁਰੂ ਪਾਤਸ਼ਾਹ ਤੋਂ ਸੇਵਾ ਮੰਗੀ, ਤਾਂ ਹਜ਼ੂਰ ਨੇ ਆਖਿਆ ਕਿ ਰਣ-ਭੂਮੀ ਵਿਚ ਜਾ ਕੇ ਜ਼ਖਮੀਆਂ ਨੂੰ ਜਲ ਛਕਾਇਆ ਕਰੋ। ਸਿਮਰਨ ਦੀ ਬਰਕਤ ਨਾਲ ਨਿਡਰ ਹੋਏ ਭਾਈ ਘਨੱਈਏ ਨੇ ਆਪਣੇ ਪਰਾਏ ਦੇ ਵਿਤਕਰੇ ਤੋਂ ਬਿਨਾ ਸਭ ਜ਼ਖਮੀਆਂ ਨੂੰ ਜਲ ਛਕਾਣਾ ਸ਼ੁਰੂ ਕਰ ਦਿਤਾ। ਹਜ਼ੂਰ ਪਾਸ ਸ਼ਿਕਾਇਤ ਹੋਈ ਕਿ ਭਾਈ ਘਨੱਈਆ ਵੈਰੀਆਂ ਨੂੰ ਪਾਣੀ ਪਿਲਾ ਕੇ ਮੁੜ ਸਾਡੇ ਵਿਰੁੱਧ ਤਿਆਰ ਕਰ ਦੇਂਦਾ ਹੈ। ਪਰ ਭਾਈ ਸਾਹਿਬ ਨੇ ਉੱਤਰ ਦਿਤਾ—ਪਾਤਸ਼ਾਹ ਤੇਰੇ ਬਖਸ਼ੇ ਸਿਮਰਨ ਦੀ ਬਰਕਤ ਨਾਲ ਹੁਣ ਮੈਨੂੰ ਕੋਈ ਓਪਰਾ ਨਹੀਂ ਦਿਸਦਾ। ਮੈਂ ਤਾਂ ਜਿਧਰ ਤੱਕਦਾ ਹਾਂ, ਮੈਨੂੰ ਤੂੰ ਹੀ ਦਿੱਸਦਾ ਹੈਂ, ਤੇ ਮੈਂ ਸਿਰਫ਼ ਤੈਨੂੰ ਹੀ ਪਾਣੀ ਪਿਲਾ ਰਿਹਾ ਹਾਂ।

'ਤੂੰ ਹੀ ਤੂੰ' ਦੀ ਨੈਂ ਵਿਚ ਤਾਰੀਆਂ ਲਾਣ ਵਾਲਾ ਬੰਦਾ ਹਰ ਪਾਸੇ ਉਸ 'ਤੂੰ ਹੀ ਤੂੰ' ਨੂੰ ਵੇਖਦਾ ਹੈ। ਉਸ ਨੂੰ ਕਿਸੇ ਪਾਸੇ ਕੋਈ ਓਪਰਾ ਨਹੀਂ ਦਿਸਦਾ, ਕੋਈ ਵੈਰੀ ਨਹੀਂ ਜਾਪਦਾ। ਉਹ ਮਨੁਖ ਗੁਰੂ ਅਰਜਨ ਸਾਹਿਬ ਦੀ ਮਿੱਠੀ ਲੋਰੀ ਨੂੰ ਇਉਂ ਗਾਂਦਾ ਰਹਿੰਦਾ ਹੈ—

> ਕਰਿ ਕਿਰਪਾ ਦੀਓ ਮੋਹਿ ਨਾਮਾ, ਬੰਧਨ ਤੇ ਛੁਟਕਾਏ ॥ ਮਨ ਤੇ ਬਿਸਰਿਓ ਸਗਲੋ ਧੰਧਾ, ਗੁਰ ਕੀ ਚਰਣੀ ਲਾਏ ॥੧॥ ਸਾਧ ਸੰਗਿ ਚਿੰਤ ਬਿਰਾਨੀ ਛਾਡੀ ॥ ਅਹੰਬੁਧਿ ਮੋਹ ਮਨ ਬਾਸਨ, ਦੇ ਕਰਿ ਗਡਹਾ ਗਾਡੀ ॥੧॥ਰਹਾਉ॥ਨਾ ਕੋ ਮੇਰਾ ਦੁਸਮਨੁ ਰਹਿਆ,ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ, ਸਤਿਗੁਰ ਤੇ ਸੋਝੀ ਪਾਈ ॥੨॥ ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ, ਤਾ ਮੇਲੁ ਕੀਓ ਮੇਰੈ ਰਾਜਨ ॥੩॥ ਬਿਨਸਿਓ ਢੀਠਾ, ਅੰਮ੍ਰਿਤੁ ਵੂਠਾ, ਸਬਦੁ ਲਗੋ ਗੁਰ ਮੀਠਾ ॥ ਜਲਿ ਥਲਿ ਮਹੀਅਲਿ ਸਰਬ ਨਿਵਾਸੀ, ਨਾਨਕ ਰਮਈਆ ਡੀਠਾ ॥੪॥੩॥
>
> [ਧਨਾਸਰੀ ਮਹਲਾ ੫

---

ਤੇ ਬੋਲ ਕੁਬੋਲ ਆਦਿਕ ਸਖ਼ਤੀਆਂ ਦੀ ਹੱਦ ਕਰ ਦਿਤੀ। ਪਰ ਭਾਈ ਸਾਹਿਬ ਆਪਣੇ ਗੁਰਮਤਿ ਬਿਬੇਕ-ਰਹਿਣੀ ਤੇ ਦ੍ਰਿੜ੍ਹ ਤੇ ਅਡੋਲ ਰਹੇ ਅਤੇ ਗੁਰੂ ਭਾਣੇ ਵਿਚ ਸਭ ਕੁਝ ਸਿਰ ਤੇ ਝਲਿਆ।

ਸੱਚੇ ਪਾਤਸ਼ਾਹ ਦੇ ਦਰਬਾਰ ਵਿਚੋਂ ਇਨ੍ਹਾਂ ਦੋਹਾਂ ਗੁਰੂ ਦੇ ਅਨਿੰਨ ਸੇਵਕਾਂ—ਭਾਈ ਸਾਹਿਬ ਰਣਧੀਰ ਸਿੰਘ ਤੇ ਸ੍ਰੀ ਮਾਨ ਬਾਊ ਮੱਲ ਸਿੰਘ ਜੀ ਨੂੰ ਨਾਮ-ਸਿਮਰਨ ਦੀ ਕਮਾਈ ਦੀ ਦ੍ਰਿੜ੍ਹਤਾ ਬਖ਼ਸ਼ਸ਼ ਹੋਈ ਤੇ ਨਾਲ ਹੀ ਉਸੇ ਦਰ ਤੋਂ ਬਿਬੇਕ ਧਾਰਨ ਕਰਨ ਦਾ ਵਿਸ਼ਵਾਸ ਮਿਲਿਆ।

"ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥" ਤੇ— "ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥" (੨੮੬) ਦੇ ਬਿਰਦ ਅਨੁਸਾਰ ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਗੁਰਮੁਖ ਹਸਤੀਆਂ ਨੂੰ ਇੰਨੀਆਂ ਔਕੜਾਂ ਸੌਕੜਾਂ ਵਿਚ ਵੀ ਚੜ੍ਹਦੀਆਂ ਕਲਾ ਵਿਚ ਰਖਿਆ ਅਤੇ ਆਪ ਸਹਾਈ ਹੋਏ। **(ਚਲਦਾ)**

www.AKJ.Org

# ਖਾਲਸਾ ਰਾਜ ਦਾ ਅੰਤ

[ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ, ਗੁੜਗਾਉਂ]

ਜਦ ਚਲਿਆ ਸ਼ੇਰ ਪੰਜਾਬ ਦਾ ਕਰ ਸੁੰਞਾ ਵੇਹੜਾ।
ਟੁਰ ਗਿਆ ਮੁਹਾਣਾ ਛੋੜ ਕੇ ਜਦ ਭਰਿਆ ਬੇੜਾ।
ਛੁਪ ਗਿਆ, ਚੰਨ ਸੀ ਚਮਕਦਾ ਅਰਸ਼ਾਂ ਤੇ ਜੇਹੜਾ।
ਨਿਗਲਿਆ ਰਾਣੀ ਮੌਤ ਨੇ ਮੱਖਣ ਦਾ ਪੇੜਾ।
ਤਦ ਹੋ ਗਿਆ ਸੁੱਕ ਕਰੂੰਬਲਾ ਸਭ ਖਿੜਿਆ ਖੇੜਾ।
ਅਜ ਬਿਨਾਂ 'ਸਿੰਘ ਰਣਜੀਤ' ਦੇ ਸੰਭਾਲੇ ਕੇਹੜਾ।

ਜਦ ਸਿੱਖ ਰਾਜ ਦੀਆਂ ਸੋਹਣੀਆਂ ਟੁਰੀਆਂ ਸਰਕਾਰਾਂ।
ਤਕ ਤਕ ਕੇ ਕੇਰੇ ਅਥੱਰੂ ਸਭ ਦਰ ਦੀਵਾਰਾਂ।
ਰੋ ਰੋ ਧਾਹੀਆਂ ਮਾਰੀਆਂ ਸਿੰਘਾਂ ਸਰਦਾਰਾਂ।
ਜਦ 'ਖੜਕ ਸਿੰਘ' ਨੇ ਬੱਧੀਆਂ ਅੰਤਮ ਦਸਤਾਰਾਂ।
ਤਦ ਮਿਲ ਕੇ ਏਕਾ ਕਰ ਲਿਆ ਸਭ ਦੇਸ਼-ਗੱਦਾਰਾਂ।
ਆ ਉਜੜਨ ਪੁਜੜਨ ਲੱਗੀਆਂ ਸਭ ਬਾਗ ਬਹਾਰਾਂ।

ਖਿੜੇ ਹੋਏ ਗੁਲਜ਼ਾਰ ਵਿਚ ਆ ਭਾਂਬੜ ਬਲਿਆ।
'ਸ਼ੁਕਰ-ਚੱਕੀਆ' ਮਿਸਲ ਦਾ ਤਦ ਸੂਰਜ ਢਲਿਆ।
'ਡੋਗਰਿਆਂ' ਦਾ ਆਣ ਕੇ ਐਸਾ ਦਾਅ ਚਲਿਆ।
'ਖੜਕ ਸਿੰਘ' ਮਰਵਾਇਆ ਜੋ ਮੁੜ ਨਾ ਵਲਿਆ।
'ਨੌਨਿਹਾਲ ਸਿੰਘ' ਕੰਵਰ ਵੀ ਮਖਣਾਂ ਦਾ ਪਲਿਆ।
ਛੱਜੇ ਹੇਠਾਂ ਮਾਰਿਆ ਸ਼ਮਸ਼ਾਨੀਂ ਘਲਿਆ।

ਦੁਸ਼ਟ 'ਧਿਆਨੇ' ਸ਼ੇਰ ਸਿੰਘ ਵਲ ਝਾਤੀ ਮਾਰੀ।
ਤੇ ਅੰਦਰੋਂ ਅੰਦਰ ਦੁਸ਼ਟ ਨੇ ਕਰ ਲਈ ਤਿਆਰੀ।
'ਲਹਿਣੇ ਸਿੰਘ' ਸੰਧਾਵਾਲੀਏ ਕੀਤੀ ਗ਼ੱਦਾਰੀ।
'ਸ਼ੇਰ 'ਸਿੰਘ' ਜਾ ਮਾਰਿਆ ਬੈਠਾ ਵਿਚ ਬਾਰੀ।
ਫਿਰ ਸੀਸ ਕੱਟਿਆ 'ਕੰਵਰ' ਦਾ ਆ ਅਤਿਆਚਾਰੀ।
ਬਸ 'ਸ਼ੁਕਰ-ਚੱਕੀਆ' ਮਿਸਲ ਤੇ ਫਿਰ ਗਈ ਬੁਹਾਰੀ।

ਕੰਵਰ 'ਪਿਸ਼ੌਰਾ ਸਿੰਘ' ਨੂੰ ਦੁਸ਼ਟਾਂ ਮਰਵਾਇਆ।
'ਚੰਦ ਕੌਰ' ਦਾ ਨਾਲ ਹੀ ਹੋ ਗਿਆ ਸਫ਼ਾਇਆ।
ਮਹਾਰਾਣੀ 'ਜਿੰਦ ਕੌਰ' ਨੂੰ ਰੱਬ ਵਖ਼ਤ ਪੁਆਇਆ।
'ਮਿਤੱਰ' ਵੈਰੀ ਬਣ ਗਏ ਜਦ ਉੱਠਿਆ ਸਾਇਆ।
ਅੰਗਰੇਜ਼ਾਂ ਲਈ ਰੱਬ ਨੇ ਆ ਸਮਾਂ ਬਣਾਇਆ।
ਨਾਬਾਲਗ 'ਸਿੰਘ ਦਲੀਪ' ਨੂੰ ਚਾ ਤਖ਼ਤ ਬਿਠਾਇਆ।

ਅੰਦਰੋਂ ਅੰਦਰ ਗੋਰਿਆਂ ਕਰ ਲਈ ਤਿਆਰੀ।
ਕਬਜ਼ਾ ਕਰੋ ਪੰਜਾਬ ਤੇ, ਇਹ ਮਨ ਵਿਚ ਧਾਰੀ।
ਕਰ ਸਾਜ਼ਸ਼, ਨਾਲ ਮਿਲਾ ਲਏ ਬੰਦੇ ਦਰਬਾਰੀ।
ਤੇਜਾ ਸਿੰਘ ਤੇ ਲਾਲ ਸਿੰਘ ਕੀਤੀ ਗ਼ੱਦਾਰੀ।
ਮਿਲ ਗਿਆ 'ਗੁਲਾਬੂ' ਖ਼ਾਲਸੇ ਦਾ ਸ਼ਤਰੂ ਭਾਰੀ।
ਕੁਦਰਤ ਨੇ ਪਾਈ ਪੰਜਾਬ ਤੇ ਇਉਂ ਕਹਿਰ ਕਹਾਰੀ।

ਆਖ਼ਰ ਸੰਨ ਪੰਜਤਾਲੀਏ ਹੋਣੀ ਵਰਤਾਈ।
ਅੰਗਰੇਜ਼ਾਂ ਸਰਹੰਦ ਤੇ ਕਰ ਲਈ ਚੜ੍ਹਾਈ।
ਸਿੰਘਾਂ ਨੇ ਵੀ ਸੋਚਿਆ, ਹੁਣ ਸਿਰ ਤੇ ਆਈ।
ਚਾਰਾ ਕੋਈ ਵੀ ਨਹੀਂ ਹੁਣ ਬਿਨਾਂ ਲੜਾਈ।
ਸਿੱਧਾ ਕਰੀਏ ਟਾਕਰਾ ਹੋ ਸ਼ਨਮੁਖ ਜਾਈ।
ਤੱਤਕਾਲ 'ਫ਼ਿਰੋਜ਼ਪੁਰ' ਵਲ ਕੀਤੀ ਧਾਈ।

'ਮੁਦਕੀ' ਦੇ ਅਸਥਾਨ ਤੇ ਦਲ ਹੋਏ ਕੱਠੇ।
ਕੜ ਕੜ ਤੇਗਾਂ ਕੜਕੀਆਂ ਜਿਉਂ ਕੋਰੇ ਲੱਠੇ।
ਬੁੜਕੇ ਸ਼ੇਰ ਪੰਜਾਬ ਦੇ ਇਉਂ ਕਰਦੇ ਠੱਠੇ।
ਅਸਾਂ ਗੋਰੇ ਏਦਾਂ ਕੁਤਰਨੇ ਜਿਉਂ ਚਰੀ ਦੇ ਪੱਠੇ।
ਸਿੰਘਾਂ ਤੇਗਾਂ ਵਾਹੀਆਂ ਪਰ ਰਣੋਂ ਨ ਨੱਠੇ।
ਦੋਹੀਂ ਪਾਸਿਓਂ ਸੂਰਮੇ ਮੈਦਾਨੀਂ ਢੱਠੇ।

ਨਿਮਕ ਹਰਾਮੀ 'ਲਾਲ ਸਿੰਘ' ਕੀਤੀ ਗ਼ੱਦਾਰੀ।
ਫ਼ੌਜ ਫਸਾ ਕੇ ਜੰਗ ਵਿਚ, ਗਿਆ ਮਾਰ ਉਡਾਰੀ।
ਅੰਗਰੇਜ਼ਾਂ ਨੂੰ ਆਣ ਕੇ ਗੱਲ ਦੱਸੀ ਸਾਰੀ।
ਬਿਨਾਂ ਕਮਾਣੋਂ ਸਿੱਖ ਫ਼ੌਜ ਲੜਦੀ ਹੋਈ ਹਾਰੀ।
ਪਰ ਜ਼ਾਣ ਲਿਆ ਅੰਗਰੇਜ਼ ਨੇ ਹੈ ਕੌਮ ਕਰਾਰੀ।
ਹਨ ਕਲਗੀਧਰ ਦੇ ਸਿੰਘ ਏਹ ਬਹੁ ਸੂਰੇ ਭਾਰੀ।

ਮੁੜ 'ਫੇਰੂ' ਦੇ ਮੈਦਾਨ ਵਿਚ ਦਲ ਲੱਥੇ ਆ ਕੇ।
ਹੋਏ ਆਹਮੋ ਸਾਹਮਣੇ ਵਰਿਆਮ ਲੜਾਕੇ।
ਇਕ ਦੂਜੇ ਤੇ ਟੁਟ ਪਏ ਹਥਿਆਰ ਉਠਾ ਕੇ।
ਸੌਂਦੇ ਜਾਵਣ ਸੂਰਮੇ ਬਹੁ ਭੜਥੂ ਪਾ ਕੇ।
ਸਿੰਘਾਂ ਤੇਗਾਂ ਵਾਹੀਆਂ ਬਹੁ ਲਾਹੇ ਟਾਕੇ।
ਗੋਰੇ ਨਸਦੇ ਜਾਂਵਦੇ ਹੈਸਨ ਘਬਰਾ ਕੇ।



www.AKJ.Org

ਮੁੜ ਤੇਜਾ ਸਿੰਘ ਲਾਲ ਸਿੰਘ ਕੀਤੀ ਸ਼ੈਤਾਨੀ।
ਫ਼ੌਜਾਂ ਲੈ ਕੇ ਨਸ ਗਏ ਕਰ ਬੇਈਮਾਨੀ।
ਡਟ ਗਏ ਕਰ ਕੇ ਹੌਸਲਾ ਗੋਰੇ ਮੈਦਾਨੀਂ।
ਯਾਦ ਆ ਗਈ ਸੂਰਿਆਂ ਨੂੰ ਰਣ ਵਿਚ ਨਾਨੀ।
ਸਿੱਖ ਫ਼ੌਜ ਦੀ ਹੋ ਗਈ ਏਥੇ ਵੀ ਹਾਨੀ।
ਪਰ ਸਿੰਘਾਂ ਬਣ ਕੇ ਸੂਰਮੇ ਵਾਰੀ ਜ਼ਿੰਦਗਾਨੀ।

ਸਿੰਘਾਂ ਨੇ ਹੁਣ ਸੋਚਿਆ ਭਈ ਬਣੀ ਲਚਾਰੀ।
ਵਾਹੋ ਦਾਹੀ ਵਧ ਰਿਹਾ ਗੋਰਾ ਹੰਕਾਰੀ।
ਗੁਰਮਤਾ ਬਹਿ ਸੋਧਿਆ ਮੁੜ ਕਰੋ ਤਿਆਰੀ।
ਜੇ ਅਜ ਗੋਰਾ ਨਾ ਹਾਰਿਆ ਤਾਂ ਕਿਸਮਤ ਹਾਰੀ।
ਸਿਰ ਧੜ ਦੀ ਬਾਜ਼ੀ ਲਾ ਦਿਉ ਸਿੰਘੋ ! ਇਸ ਵਾਰੀ।
ਰੱਖੋ ਪੱਤ ਪੰਜਾਬ ਦੀ ਬਣ ਸੂਰੇ ਭਾਰੀ।

'ਬਦੋਵਾਲ' ਸਥਾਨ ਤੇ ਸਿੰਘ ਹੋਏ 'ਕੱਠੇ।
ਰੰਗ ਉਹਨਾਂ ਦੇ ਚਮਕਦੇ ਜਿਉਂ ਬਲਦੇ ਭੱਠੇ।
ਜੁਆਨ ਮੁਛੈਲੇ ਬਾਂਕੜੇ ਅੰਗ ਪੱਕੇ ਗੱਠੇ।
'ਹੈਨਰੀ ਸਮਿਥ' ਦੀ ਫੌਜ ਤੇ ਏਦਾਂ ਢੱਠੇ।
ਜਿਉਂ ਆਣ ਅਚੇਤ ਅਕਾਸ਼ ਤੋਂ ਗਿਰਦੇ ਪਥਰੱਠੇ।
ਉਹਨਾਂ ਫੌਜਾਂ ਨੂੰ ਇਉਂ ਕੁਤਰਿਆ ਜਿਵੇਂ ਸਾਵੇ ਪੱਠੇ।

ਮੁਸ਼ਕਿਲ ਨਾਲ ਹੀ ਗੋਰਿਆਂ ਕੁਝ ਜਾਨ ਬਚਾਈ।
ਦੋ ਸੌ ਦੀ ਮੈਦਾਨ ਵਿਚ ਹੋ ਗਈ ਸਫ਼ਾਈ।
ਫੜ ਭੇਜੇ ਲਾਹੌਰ ਕੁਝ ਬੰਦੀ ਵਿਚ ਪਾਈ।
ਪਰ ਭੈੜੇ 'ਰਣਜੋਧ' ਮਜੀਠੀਏ ਨੇ ਪੱਤ ਵੰਵਾਈ।
ਉਸ ਰੋਕ ਲਏ ਸਿੰਘ ਸੂਰਮੇ ਵਧ ਰਹੇ ਅਗਾਈ।
ਸਭ ਵੈਰੀ ਥਾਂ ਤੇ ਰਖਦੇ ਜੇ ਕਰਦੇ ਦਾਨਾਈ।

'ਲੁਧਿਆਣੇ' ਪੁਜ ਗੋਰਿਆਂ ਫਿਰ ਕੀਤੀ ਤਿਆਰੀ।
ਇਕ+ਦਸ ਸਹੰਸਰ ਫੌਜ ਲੈ ਟੁਰ ਪਏ ਅਗਾਰੀ।
'ਅਲੀਵਾਲ' ਦੇ ਥਾਉਂ ਜਾ ਸਿਖ ਫੌਜ ਵੰਗਾਰੀ।
ਗੀਦੀ 'ਰਣਜੋਧਾ' ਨੱਸਿਆ ਵੇਖ ਬਣੀ ਲਚਾਰੀ।
ਸਿੰਘਾਂ ਦੇ ਸਿਰ ਪੈ ਗਈ ਏਹ ਚੋਟ ਕਰਾਰੀ।
ਹੱਲੇ ਤਿੰਨ ਫ਼ਰੰਗੀਆਂ ਨੇ ਕੀਤੇ ਭਾਰੀ।

ਨਾਲ ਬੀਰਤਾ ਸਿੰਘ ਲੜੇ ਦੇ ਹੱਥ ਕਰਾਰੇ।
ਪਰ ਰਬੋਂ ਹੋਏ ਫ਼ਰੰਗੀਆਂ ਦੇ ਵਾਰੇ ਨਿਆਰੇ।
ਬਹੁਤੇ ਉਹ ਵੀ ਮਰ ਗਏ ਪਰ ਸਿੰਘ ਹੀ ਹਾਰੇ।
ਫ਼ੀਸ ਦੇ ਕੇ ਸਿਰਾਂ ਦੀ ਮੁਲ ਤਕੜੇ ਤਾਰੇ।
ਕੁਝ ਸਤਲੁਜ ਨੇ ਡੋਬ ਲਏ ਨਾ ਲਗੇ ਕਿਨਾਰੇ।
ਹੜ੍ਹ ਆਇਆ ਕੁਝ ਲੈ ਗਿਆ ਵਾਹ ਕਿਸਮਤ ਵਾਹ ਰੇ।

ਬਾਹਮਣਾਂ ਅਤੇ ਪਹਾੜੀਆਂ ਇਉਂ ਸਿੰਘ ਮਰਵਾਏ।
ਜੰਮੂ-ਪੁੱਤ ਗੁਲਾਬ ਸਿੰਘ ਡੋਗਰ ਸਮੁਦਾਏ।
ਸਿੱਖ ਰਾਜ ਦੇ ਵੈਰੀਆਂ ਉਹ ਵੈਰ ਕਮਾਏ।
ਲਹੂ ਨਾਲ ਜੋ ਲਿਖੇ ਹੋਏ ਇਤਿਹਾਸ ਦਿਖਾਏ।
ਪਰ ਬੈਠਣ ਵਾਲੇ ਨਹੀਂ ਸਨ ਸਿੰਘਣੀਆਂ ਦੇ ਜਾਏ।
ਜਿਨ੍ਹਾਂ 'ਜੀਣਾ ਇੱਜ਼ਤ ਨਾਲ' ਦੇ ਪਾਠ ਪੜ੍ਹਾਏ।

ਕਰਦਾ ਜੇ 'ਗੁਲਾਬ ਸਿੰਘ' ਵੀ ਨਮਕ-ਹਲਾਲੀ।
ਨਾ ਪਾਂਦਾ ਨਾਲ ਫ਼ਰੰਗੀਆਂ ਨਾਪਾਕ ਖ਼ਿਆਲੀ।
ਪਰਤ ਆਉਂਦੀ ਦੇਸ਼ ਵਿਚ ਮੁੜ ਕੇ ਖ਼ੁਸ਼ਹਾਲੀ।
ਨਾ ਹੁੰਦੀ ਸਿਖ ਦਰਬਾਰ ਦੀ ਏਦਾਂ ਪਾਮਾਲੀ।
ਉਸ ਵੈਰੀ ਨੇ ਫੁਟ ਚੰਦਰੀ ਦੀ ਉਹ ਅੱਗ ਬਾਲੀ।
ਜੋ ਕਰ ਗਈ ਕੋਲੇ ਰਾਜ ਦੇ ਨਾ ਕਿਸੇ ਸੰਭਾਲੀ।

ਇਸ ਨਮਕ-ਹਰਾਮ ਪਹਾੜੀਏ ਨੇ ਗੰਢ-ਤੁਪ ਕੀਤੀ।
ਨਾਲ ਫ਼ਰੰਗੀਆਂ, ਅੰਦਰੋਂ ਕਰ ਕੇ ਬਦਨੀਤੀ।
ਦਸਿਆ ਸਾਰਾ ਭੇਦ ਜੋ ਸਿਖਾਂ ਸਿਰ ਬੀਤੀ।
ਨਾਲ ਖ਼ਾਲਸਾ ਰਾਜ ਦੇ ਇਉਂ ਕਰੀ ਅਨੀਤੀ।
ਮੈਂ ਆਵਾਂਗਾ ਮੈਦਾਨ ਵਿਚ ਕਰਿਉ ਪਰਤੀਤੀ।
ਤੁਸੀਂ ਹੱਲਾ ਕਰ ਕੇ ਕਰ ਦੇਣਾ ਸਭ ਫੀਤੀ ਫੀਤੀ।

'ਦਸ ਫ਼ਰਵਰੀ' ਗੋਰਿਆਂ ਦੀਆਂ ਫ਼ੌਜਾਂ ਚੜ੍ਹ ਕੇ।
'ਸਭਰਾਵਾਂ' ਮੈਦਾਨ ਵਿਚ ਬੰਦੂਕਾਂ ਫੜ ਕੇ।
ਆ ਲਥੀਆਂ ਸਭ ਪਲਟਨਾਂ ਅੰਦਰੋਂ ਸੜ ਸੜ ਕੇ।
ਪਿਆ ਵੇਖ ਵੇਖ ਕੇ ਜ਼ਿਮੀਂ ਦਾ ਭੀ ਸੀਨਾ ਧੜਕੇ।
ਫੜ ਸੰਗੀਨਾਂ ਰਹਿਕਲੇ ਵੇਂਹਦੇ ਖੜ ਖੜ ਕੇ।
ਚਿੱਟੇ ਚੇਹਰਿਆਂ ਵਾਲੜੇ ਅੱਗ ਵਾਂਗੂ ਭੜਕੇ।

ਤੀਹ ਹਜ਼ਾਰ ਚਿੱਟ-ਚਮੜੀਆਂ ਦਾ ਕਟਕ ਚੜ੍ਹਾਇਆ।
ਜੋ ਤੋਪਾਂ 'ਇਕ ਸੌ ਵੀਹ' ਲੈ ਮੈਦਾਨੀਂ ਆਇਆ।
ਹੱਲਾ ਕਰ ਕੇ ਬੱਦਲਾਂ ਦੇ ਵਾਗੂੰ ਛਾਇਆ।
ਇੰਜ ਦਿਸਦਾ ਹਰ ਪਾਸਿਓਂ ਹੋ ਜਾਊ ਸਫਾਇਆ।


www.AKJ.Org

ਤੋਪਾਂ ਕੜ ਕੜ ਕਰਦੀਆਂ ਆਕਾਸ਼ ਗੁੰਜਾਇਆ।
ਹੋਵੇਗਾ ਉਹ 'ਮਿੱਤਰ' ਜੀ ਜੋ ਰੱਬ ਨੂੰ ਭਾਇਆ।

ਲਉ ! ਵੈਰੀ ਜੋ ਸਿਖ ਰਾਜ ਦਾ ਮਸ਼ਹੂਰ ਪੁਰਾਣਾ।
ਦੁਸ਼ਟ 'ਗੁਲਾਬੂ' ਸ਼ੱਤਰੂ 'ਜਿੰਦਾਂ' ਮਨ ਭਾਣਾ।
ਆ ਪੁਜਿਆ ਵਿਚ ਮੈਦਾਨ ਦੇ ਉਹ ਖਸਮਾਂ ਖਾਣਾ।
ਸਿੱਖ ਫੌਜ ਨੂੰ ਚਾਹੁੰਦਾ ਰਣ ਵਿਚ ਮਰਵਾਣਾ।
ਜਿਸ ਗੁਪਤ ਆਦਮੀ ਭੇਜਿਆ ਦੇ ਕੇ ਪਰਵਾਨਾ।
ਦਸਿਆ ਜਿਸ ਥਾਂ ਮਾਰਨਾ ਹੈ ਤੁਸਾਂ ਨਿਸ਼ਾਨਾ।

ਹੁਣ ਰਲ ਕੇ ਸਿੰਘਾਂ ਸੋਧਿਆ ਏਦਾਂ ਅਰਦਾਸਾ।
ਹੇ ਸਤਿਗੁਰ ਕਲਗੀ ਵਾਲਿਆ ! ਤੇਰਾ ਭਰਵਾਸਾ।
ਹੈ ਸਾਨੂੰ ਭਾਰਾ ਜਾਪਦਾ ਵੈਰੀ ਦਾ ਪਾਸਾ।
ਅਸਾਂ ਲਾਹੀ ਤੇਰੀ ਆਸ ਤੇ ਜੀਵਨ ਦੀ ਆਸਾ।
ਤੂੰ ਸਾਨੂੰ ਦਿਤਾ ਦਾਤਿਆ ਤੇਗਾਂ ਵਿਚ ਵਾਸਾ।
ਅਸਾਂ 'ਸਤਲੁਜ' ਨਾਲ ਵਗਾਵਣੀ ਅਜ ਰੱਤ 'ਬਿਆਸਾ'।

ਦੋ ਪਾਸੀਂ ਸ਼ੁਲਕਾਂ ਛੁੱਟੀਆਂ ਛਿੜ ਪਈ ਲੜਾਈ।
ਰਫ਼ਲਾਂ ਤੋਪਾਂ ਗੜਕੀਆਂ ਤੇ ਕਲਾ ਮਚਾਈ।
ਥਰ ਥਰ ਕੰਬਿਆ ਆਸਮਾਨ ਧਰਤੀ ਘਬਰਾਈ।
ਚਾਰੇ ਪਾਸੇ ਆਣ ਕੇ ਦਹਿਸ਼ਤ ਸੀ ਛਾਈ।
ਰਣ ਵਿਚ ਘੋੜੇ ਹਿਣਕਦੇ ਇੰਜ ਦਏ ਸੁਣਾਈ।
ਜਿਉਂ ਨੱਚਣ ਕਲਜੋਗਣਾਂ ਹੱਥ ਖੱਪਰ ਚਾਈ।

ਆਹੂ ਲਾਹੇ ਸਿੰਘਾਂ ਨੇ ਜੋ ਅਗੇ ਆਇਆ।
ਜਿਵੇਂ ਪਕੀਆਂ ਫਸਲਾਂ ਨੂੰ ਵਾਢਾ ਪਾਇਆ।
ਬਰਛੇ ਭਾਲੇ ਤੇਗਿਆਂ, ਉਹ ਰੰਗ ਵਿਖਾਇਆ।
ਧਰਤੀ ਸੂਹੇ ਰੰਗ ਦਾ ਜਿਉਂ ਚੋਲਾ ਪਾਇਆ।
ਬੀਰ ਬਹਾਦਰ ਜੋਧਿਆਂ ਉਹ ਜੰਗ ਮਚਾਇਆ।
ਰੱਤ ਮਿੱਝ ਦਾ ਘਾਣ ਬਣ ਧਰਤੀ ਤੇ ਆਇਆ।

ਏਥੇ ਵੀ ਵੜ ਬਾਹਮਣਾਂ ਕੀਤੀ ਗ਼ਦਾਰੀ।
'ਤੇਜਾ ਸਿੰਘ' ਲੈ ਫ਼ੌਜ ਨੂੰ ਗਿਆ ਮਾਰ ਉਡਾਰੀ।
ਬੇੜੀਆਂ ਸੁਟ ਦਰਿਆ ਵਿਚ ਉਹ ਅਤਿਆਚਾਰੀ।
ਸਿੰਘਾਂ ਦੇ ਸਿਰ ਪਾ ਗਿਆ ਇਉਂ ਕਹਿਰ ਕਹਾਰੀ।
'ਲਾਲ ਸਿੰਘ' ਵੀ ਫ਼ੌਜ ਨਾ ਰਣ ਅੰਦਰ ਵਾੜੀ।
ਰਿਹਾ ਤਮਾਸ਼ਾ ਵੇਖਦਾ ਪਾਪੀ ਬੁਰਿਆਰੀ।

ਸਿੰਘਾਂ ਤੇ ਆਫ਼ਤ ਆ ਪਈ ਬਹੁਤੇ ਗਏ ਮਾਰੇ।
ਭਾਵੇਂ ਉਨ੍ਹਾਂ ਵਿਖਾਏ ਸਨ ਬਹੁ ਹੱਥ ਕਰਾਰੇ।
ਪਰ ਕੌਣ ਹੌਸਲਾ ਦਏ ਹੁਣ ਬਾਝੋਂ ਰਖਵਾਰੇ।
ਜਦ ਮਿੱਤਰ-ਧ੍ਰੋਹ ਕਮਾਣ ਤਾਂ ਕਿਸਮਤ ਵੀ ਹਾਰੇ।
ਫੱਟ ਖਾ ਕੇ ਸ਼ੇਰ ਜਿਉਂ ਮਾਰੇ ਭਬਕਾਰੇ।
ਤਿਵੇਂ ਸਿੰਘ ਆ ਜੋਸ਼ ਵਿਚ ਮਾਰਨ ਲਲਕਾਰੇ।

'ਅਟਾਰੀ' ਵਾਲਾ 'ਸ਼ਾਮ ਸਿੰਘ' ਸਰਦਾਰ ਸੁਹਾਣਾ।
ਬੁੱਢਾ ਸ਼ੇਰ ਮਝੈਲੀਆ ਪਾ ਚਿੱਟਾ ਬਾਣਾ।
ਘੋੜੇ ਤੇ ਅਸਵਾਰ ਹੋਇ ਬੰਦਾ ਮਰਦਾਨਾ।
ਜੈਕਾਰੇ ਛਡਦਾ ਚੜ੍ਹ ਪਿਆ ਲੈ ਤੁੰਮਣ ਤਾਣਾ।
ਆਖੇ ਓਇ ਸਿੰਘੋ ਸੂਰਿਓ ! ਵਿਚ ਰੱਤ ਨਹਾਣਾ।
ਕਲਗੀਆਂ ਵਾਲਾ ਸਤਿਗੁਰੂ ਕਰਸੀ ਖ਼ਸਮਾਣਾ।

ਸੁਣ ਕੇ ਸਿੰਘਾਂ ਸੂਰਿਆਂ ਦੇ ਡੌਲੇ ਫਰਕੇ।
ਤੋਪਾਂ, ਰਫ਼ਲਾਂ ਸੁੱਟੀਆਂ ਹੱਥ ਤੇਗਾਂ ਫੜ ਕੇ।
ਵੜ ਗਏ ਵੈਰੀ-ਦਲਾਂ ਵਿਚ ਭਰਵਾਸਾ ਕਰ ਕੇ।
ਜੋ ਅਗੋਂ ਆਇਆ ਝਾੜਿਆ ਇਉਂ ਕੁਤਰਾ ਕਰ ਕੇ।
ਪਰਖ਼ਚੇ ਉਡਾਏ ਸਿਰਾਂ ਦੇ ਸਿਰ ਤਲੀ ਤੇ ਧਰ ਕੇ।
ਧਰ ਤੇ ਲਾਸ਼ਾਂ ਵਿਛੀਆਂ ਕਹਿੰਦੇ ਨੇ ਵਰਕੇ।

ਬੰਦੂਕਾਂ ਤੋਪਾਂ ਚਲਦੀਆਂ ਇਨ੍ਹਾਂ ਸੀਨੇ ਡਾਹੇ।
ਫੜ ਕਿਰਪਾਨਾਂ ਵਧਦਿਆਂ ਹੋ ਬੇ-ਪਰਵਾਹੇ।
ਹੋਇਆ ਜੋ ਸ਼ਹੀਦ ਉਸ ਕਈ ਵੈਰੀ ਢਾਹੇ।
ਖਾਤੀ ਜਿਉਂ ਬ੍ਰਿਛ ਵਢਦਾ ਤਿਉਂ ਆਹੂ ਲਾਹੇ।
ਜਿਤ ਵਲ ਵਧਦੇ ਗਏ ਉਹ ਕਰ ਦਏ ਸਫ਼ਾਏ।
ਹੁੰਦੇ ਗਏ ਸ਼ਹੀਦ, ਨਾ ਡੋਲੇ ਘਬਰਾਏ।

'ਲਾਰਡ ਗਫ਼' ਤੇ 'ਹਾਰਡਿੰਗ' ਨੇ ਭੇਜ ਸੁਨੇਹੇ।
ਕਿਹਾ, ਸਿੰਘੋ ! ਹੁਣ ਸੁਟ ਦਿਉ ਹਥਿਆਰ ਇਵੇਂਹੇ।
ਬਚ ਨਹੀਂ ਸਕਦੇ ਤੁਸੀਂ ਹੁਣ ਹਨ ਸਮੇਂ ਅਜਿਹੇ।
ਕੋਈ ਨ ਰਾਖਾ ਤੁਸਾਂ ਦਾ ਕਿਉਂ ਰਲਦੇ ਖੇਹੇ।
ਦੇਵਾਂਗੇ ਸਰਦਾਰੀਆਂ ਜੋ ਤੁਸੀਂ ਚਹੇਹੇ।
ਨੀਵਾਂ ਝੰਡਾ ਕਰ ਦਿਉ ਕੁਝ ਕਿਸੇ ਨ ਕਹਿ ਹੇ।

ਪਰ ਸਿਖਾਂ ਮਰਨਾ ਮੰਡਿਆ ਕਰਨੀ ਕੁਰਬਾਨੀ।
ਇਸ ਝੰਡੇ ਖ਼ਾਤਰ ਵਾਰਨੀ ਆਪਨੀ ਜ਼ਿੰਦਗਾਨੀ।



www.AKJ.Org

ਗਲ ਕਫ਼ਨੀ ਪਾ 'ਸ਼ਾਮ ਸਿੰਘ' ਆਗੂ ਲਾਸਾਨੀ। ਕੀਤਾ ਲਸ਼ਕਰ ਗੋਰਿਆਂ ਦੇ ਹੱਲਾ ਭਾਰਾ।
ਕੁਦਿਆ ਰਣ ਵਿਚ ਹੱਥ ਫੜ ਉਹ ਨਗਨ ਭਵਾਨੀ। ਤੜ ਤੜ ਵਸਿਆ ਗੋਲੀਆਂ ਦਾ ਮੀਂਹ ਕਰਾਰਾ।
ਕਿੱਥੇ 'ਲਾਟ' ਪੁਕਾਰਦਾ ਚੇਹਰਾ ਬਰਫ਼ਾਨੀ। ਮਹਾਂ ਭਾਰਤ ਦਾ ਉਸ ਸਮੇਂ ਬਣ ਗਿਆ ਨਜ਼ਾਰਾ।
ਪਾਈ ਸ਼ਹੀਦੀ ਸ਼ੇਰ ਵਾਂਗ ਕੌਮੀ ਮਹਾਂ-ਦਾਨੀ। ਛੇ ਹਜ਼ਾਰ ਸਿੰਘ ਜੂਝਿਆ ਜਸ ਖਟਿਆ ਭਾਰਾ।
ਜਦ ਡਿੱਠਾ ਫੌਜਾਂ ਢਹਿ ਗਿਆ ਹੈ ਅਰਸ਼-ਮੁਨਾਰਾ। 'ਮਿੱਤਰ' ਖ਼ਾਲਸਾ ਰਾਜ ਦਾ ਡੁਬ ਗਿਆ ਸਿਤਾਰਾ।

# ਜੇਹਾ ਬੀਜੈ ਸੋ ਲੁਣੈ

[ਸ: ਓਅੰਕਾਰ ਬਖ਼ਸ਼ ਸਿੰਘ, ੫੦੦ ਮਾਡਲ ਟਾਊਨ, ਲੁਧਿਆਣਾ]

ਇਕ ਲੜਕੀ ਇਕ ਡਾਕਟਰ ਪਾਸ ਗਈ ਕਹਿਣ ਲਗੀ, ਡਾਕਟਰ ਸਾਹਿਬ, ਇਸ ਗੰਠੀਏ ਨੇ ਤਾਂ ਮੇਰੇ ਗੋਡੇ ਜੋੜ ਹੀ ਦਿਤੇ ਹਨ। ਕੋਈ ਉਪਾ ਕਰੋ, ਮੇਰਾ ਗੰਠੀਆ ਠੀਕ ਕਰ ਦਿਓ। ਡਾਕਟਰ ਉਸ ਲੜਕੀ ਨੂੰ ਜਾਣਦਾ ਸੀ ਅਤੇ ਉਸ ਨੂੰ ਇਹ ਭੀ ਪਤਾ ਸੀ ਕਿ ਉਸ ਦੀ ਆਪਣੀ ਭੈਣ ਨਾਲ ਬਹੁਤ ਨਰਾਜ਼ਗੀ ਹੈ। ਡਾਕਟਰ ਨੇ ਜਵਾਬ ਦਿਤਾ, "ਬੀਬੀ,ਆਪਣੀ ਭੈਣ ਨੂੰ ਮੁਆਫ ਕਰ ਦੇ।" ਇਸ ਤੇ ਉਹ ਲੜਕੀ ਕੜਕ ਕੇ ਬੋਲੀ, "ਇਹ ਕਦਾਚਿਤ ਨਹੀਂ ਹੋ ਸਕਦਾ।" ਡਾਕਟਰ ਨੇ ਕਿਹਾ, "ਅਛਾ ਫੇਰ ਇਹ ਗੰਠੀਆ ਭੀ ਨਾਲ ਹੀ ਚਲੇਗਾ।" ਲੜਕੀ ਗੁਸੇ ਦੀ ਭਰੀ ਪੀਤੀ ਵਾਪਸ ਚਲੀ ਗਈ। ਦਸ ਪੰਦਰਾਂ ਦਿਨਾਂ ਦੇ ਬਾਅਦ ਉਹ ਫੇਰ ਲੰਗੜਾਉਂਦੀ ਲੰਗੜਾਉਂਦੀ ਉਸੇ ਡਾਕਟਰ ਪਾਸ ਆਈ ਅਤੇ ਕਹਿਣ ਲਗੀ, "ਡਾਕਟਰ ਸਾਹਿਬ, ਮੈਂ ਤੁਹਾਡਾ ਦਸਿਆ ਇਲਾਜ ਦੂਜੇ ਦਿਨ ਹੀ ਸ਼ੁਰੂ ਕਰ ਦਿਤਾ ਸੀ, ਹੁਣ ਸਾਡਾ ਭੈਣਾਂ ਦਾ ਆਪਸ ਵਿਚ ਉਹੀ ਪਹਿਲਾਂ ਵਰਗਾ ਪ੍ਰੇਮ-ਪਿਆਰ ਕਾਇਮ ਹੋ ਗਿਆ ਹੈ।" ਡਾਕਟਰ ਨੇ ਪੁਛਿਆ, "ਫੇਰ ਹੁਣ ਗੰਠੀਏ ਦਾ ਦਸੋ। ਬੋਲੀ, "ਅਧੀ ਕੁ ਬਿਮਾਰੀ ਤਾਂ ਹਟ ਗਈ ਹੈ, ਪਰ ਅਜੇ ਭੀ ਕਸਰ ਹੈ।" ਡਾਕਟਰ ਨੇ ਕਿਹਾ, "ਇਸ ਗੰਠੀਏ ਦਾ ਇਹੋ ਹੀ ਇਲਾਜ ਹੈ। ਫ਼ਿਕਰ ਨ ਕਰੋ, ਇਹ ਆਪੇ ਹੀ ਠੀਕ ਹੋ ਜਾਵੇਗਾ।"

ਜਿਸ ਹਿਰਦੇ ਵਿਚ ਕ੍ਰੋਧ ਨੇ ਡੇਰਾ ਲਾਇਆ ਹੋਵੇ ਉਹ ਮਨ ਹੀ ਦੁਖੀ ਨਹੀਂ ਹੁੰਦਾ, ਉਸ ਦਾ ਸਰੀਰ ਭੀ ਰੋਗੀ ਹੋ ਜਾਂਦਾ ਹੈ। ਜਿਸ ਹਿਰਦੇ ਵਿਚ ਪ੍ਰੇਮ ਅਤੇ ਸ਼ਾਂਤੀ ਦਾ ਨਿਵਾਸ ਹੈ ਉਸ ਸਰੀਰ ਦੇ ਲਾਗੇ ਦੁਖ ਜਾਂ ਰੋਗ ਨੇੜੇ ਨਹੀਂ ਆਉਂਦਾ–

ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛੁ ਪਾਇ॥੭੮॥ (੧੩੮੨)

ਜਦ ਕਿਸੇ ਦੇ ਸਿਰ ਤੇ ਕਾਮ ਜਾਂ ਕ੍ਰੋਧ, ਸਾੜੇ ਜਾਂ ਨਫਰਤ ਦਾ ਭੂਤ ਸਵਾਰ ਹੋਇਆ ਹੋਵੇ ਤਾਂ ਉਸ ਦਾ ਬਲੱਡ-ਪਰੈਸ਼ਰ ਮਿਣੋ, ਉਸ ਦੀਆਂ ਨਾੜਾਂ ਦੀ ਗਤੀ ਪਰਖੋ, ਵੇਖੋ ਕਿਸ ਤਰ੍ਹਾਂ ਦਾ ਤੂਫ਼ਾਨ ਸਰੀਰ ਵਿਚ ਆਇਆ ਹੋਇਆ ਹੈ। ਫੇਰ ਤੁਹਾਨੂੰ ਯਕੀਨ ਆਵੇਗਾ ਕਿ :–

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ।੧੮॥ (੯੩੨)

ਮਾਈਕਰੋ-ਵੇਵਜ਼ ਵਾਂਗ ਮਨ ਦੀਆਂ ਕਿਰਨਾਂ ਭੀ ਬਹੁਤ ਮਾਰ ਕਰਦੀਆਂ ਹਨ। ਜਿਉਂ ਜਿਉਂ ਸੂਖਮਤਾ ਅਤੇ ਕੋਮਲਤਾ ਵਧਦੀ ਹੈ, ਇਹ ਮਾਰ ਕਰਨ ਦੀ ਸ਼ਕਤੀ ਭੀ ਵਧਦੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਪਾਸ ਹੋਰ ਕਿਹੜਾ ਹਥਿਆਰ ਸੀ! ਸਜਣ ਠੱਗ ਮੁਸਾਫ਼ਰਾਂ ਨੂੰ ਲੁਟ ਲੈਂਦਾ ਸੀ ਅਤੇ ਮਾਰ ਕੇ ਭੋਰੇ ਵਿਚ ਸੁਟ ਦਿੰਦਾ ਸੀ। ਗੁਰੂ ਨਾਨਕ ਦੇਵ ਜੀ ਦੀਆਂ ਕਿਰਨਾਂ ਨੇ ਉਸ ਨੂੰ ਨਿਵਾ ਦਿਤਾ ਸੀ। ਪਲ ਵਿਚ ਹੀ ਕਠੋਰਤਾ ਦਾ ਅਸਥਾਨ ਕੋਮਲਤਾ ਨੇ ਮਲ ਲਿਆ। ਕੌਡਾ ਰਾਖਸ਼ ਭਾਈ ਮਰਦਾਨੇ ਨੂੰ ਚੁਕ ਕੇ ਤੇਲ ਦੇ ਕੜਾਹੇ ਵਿਚ ਸੁਟਣ ਲਗਾ ਸੀ। ਗੁਰੂ ਨਾਨਕ ਦੇ ਹਿਰਦੇ ਵਿਚੋਂ ਨਿਕਲੀ ਮਾਈਕਰੋ-ਵੇਵ ਨੇ ਉਸ ਨੂੰ ਠੰਢਾ ਕਰ ਦਿਤਾ। ਕੌਡਾ

www.AKJ.Org

ਰਾਖਸ਼ ਗੁਰੂ ਸਾਹਿਬ ਦੇ ਚਰਨਾਂ ਤੇ ਡਿਗ ਪਿਆ। ਗੁਰੂ ਨਾਨਕ ਸਾਹਿਬ ਦੀਆਂ ਝਾਲਾਂ ਨੂੰ ਕੌਣ ਝਲੇ ? ਪ੍ਰੇਮ ਦੇ ਤੀਰ ਹਰ ਹਿਰਦੇ ਨੂੰ ਵਿੰਨ੍ਹ ਲੈਂਦੇ ਹਨ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਕੇਂਦਰੀ ਅਸਥਾਨਾਂ ਤੇ ਗਏ। ਕੋਈ ਡਰ ਨਹੀਂ, ਕੋਈ ਭੈ ਨਹੀਂ, ਕਿਸੇ ਕਿਸਮ ਦਾ ਝਰ ਨਹੀਂ। ਹਰ ਥਾਂ ਸਤ ਦਾ ਨਾਹਰਾ ਬਲੰਦ ਕੀਤਾ, ਪਰ ਪ੍ਰੇਮ ਭਰਪੂਰ ਹਿਰਦੇ ਨਾਲ।

ਅੰਮ੍ਰਿਤ ਵੇਲੇ ਉਠਣਾ, ਬਾਣੀ ਪੜ੍ਹਨੀ ਤੇ ਵੰਡ ਕੇ ਛਕਣਾ ਇਹ ਸਭ ਸਾਧਨ ਹਨ। ਜੇ ਇਨ੍ਹਾਂ ਨਾਲ ਹਿਰਦੇ ਦੀ ਕੋਮਲਤਾ, ਪ੍ਰੇਮ ਅਤੇ ਸ਼ਾਂਤੀ ਵਧਦੇ ਹਨ ਤਾਂ ਠੀਕ ਮਾਰਗ ਹੈ, ਪਰ ਜੇ ਉਹੀ ਠਗੀ ਤੇ ਉਹੀ ਕਠੋਰਤਾ ਚਲ ਰਹੀ ਹੈ ਤਾਂ– ਸਭਨਾ ਕਾ ਦਰਿ ਲੇਖਾ ਹੋਇ ॥

ਕਰਣੀ ਬਾਝਹੁ ਤਰੈ ਨ ਕੋਇ ॥੨॥੧੧॥ (੯੫੨)

ਸੰਤ ਅਤਰ ਸਿੰਘ ਜੀ ਦੀ ਜੀਵਨੀ ਤੋਂ ਪਤਾ ਲਗਦਾ ਹੈ ਕਿ ਸ਼ੇਰ ਅਤੇ ਸੱਪ ਵੀ ਉਹਨਾਂ ਨਾਲ ਪਿਆਰ ਕਰਦੇ ਸਨ, ਪਰ ਕਈ ਵਾਰ ਇਨਸਾਨ ਦੀ ਕਠੋਰਤਾ ਦੀ ਭੀ ਹਦ ਨਹੀਂ ਹੁੰਦੀ। ਮਹਿਮੂਦ ਗਜ਼ਨਵੀ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਜੋ ਜੋ ਅਤਿਆਚਾਰ ਸਾਡੇ ਦੇਸ਼-ਵਾਸੀਆਂ ਤੇ ਕੀਤੇ, ਪੜ੍ਹ ਸੁਣ ਕੇ ਰੋਂਗਟੇ ਖੜੇ ਹੋ ਜਾਂਦੇ ਹਨ।

ਇਕ ਪਵਿਤਰ ਦਿਲ ਵਿਚੋਂ ਨਿਕਲੇ ਪ੍ਰੇਮ ਦੇ ਬਾਣ ਨਿਸਫਲ ਨਹੀਂ ਜਾਂਦੇ। ਜਦ ਸੁਲਹੀ ਖਾਨ ਲਾਹੌਰ ਤੋਂ ਫੌਜ ਲੈ ਕੇ ਅੰਮ੍ਰਿਤਸਰ ਤੇ ਚੜ੍ਹਿਆ ਅਤੇ ਅਟਾਰੀ ਭੀ ਟਪ ਆਇਆ ਤਾਂ ਸਿਖ ਸੰਗਤਾਂ ਵਿਚ ਹਲਚਲ ਮਚ ਗਈ। ਗੁਰੂ ਅਰਜਨ ਸਾਹਿਬ ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਦੇ ਹਨ :–

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥ (੩੭੧)

ਨਾ ਸੁਲਹੀ ਖਾਨ ਤੇ ਨਾ ਉਸ ਦੀ ਫੌਜ ਛੇਹਰਟਾ ਸਾਹਿਬ ਟਪ ਸਕੀ।

ਨਫ਼ਰਤ ਦਾ ਜਵਾਬ ਨਫਰਤ ਨਹੀਂ, ਪ੍ਰੇਮ ਹੈ। ਗੁੱਸੇ ਦਾ ਜਵਾਬ ਗੁੱਸਾ ਨਹੀਂ, ਸ਼ਾਂਤੀ ਹੈ। ਜੋ ਭੀ ਇਨਸਾਨ ਇਸ ਮਾਰਗ ਤੇ ਚਲਣ ਦਾ ਯਤਨ ਕਰਦਾ ਹੈ ਉਹ ਸਿਰਫ ਆਪਣੇ ਲਈ ਬੈਕੁੰਠ ਪੈਦਾ ਨਹੀਂ ਕਰਦਾ, ਸਾਰੇ ਸੰਸਾਰ ਨੂੰ ਬੈਕੁੰਠ ਬਣਾਉਂਦਾ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :–

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਇਹ ਗੁਣ ਸਾਡੇ ਅੰਦਰ ਤਾਂ ਹੀ ਆ ਸਕਦੇ ਹਨ ਜੇ ਅਸੀਂ ਗੁਰੂ ਦੇ ਹੁਕਮ ਤੇ ਚਲੀਏ। ਗੁਰੂ ਜੀ ਦਾ ਹੁਕਮ ਹੈ ਕਿ ਅਸੀਂ ਅੰਮ੍ਰਿਤ ਛਕੀਏ ਤੇ ਗੁਰੂ ਵਾਲੇ ਬਣੀਏ। ਨਾਮ ਜਪਣ ਤੋਂ ਬਾਅਦ ਹੀ ਸਾਡੇ ਅੰਦਰ ਚੰਗੇ ਗੁਣ ਆ ਸਕਦੇ ਹਨ। ਵਾਹਿਗੁਰੂ ਸਾਡੀ ਇਹ ਅਵਸਥਾ ਬਣਾਵੇ ਕਿ ਅਸੀ ਦੂਜਿਆਂ ਨਾਲ ਪ੍ਰੇਮ ਨਾਲ ਰੰਹਿ ਸਕੀਏ। ਅਸੀ ਪ੍ਰੇਮ ਦੇ ਬੀਜ ਬੀਜੀਏ ਤੇ ਸਾਨੂੰ ਪ੍ਰੇਮ ਹੀ ਪ੍ਰਾਪਤ ਹੋਵੇਗਾ। ਹੁਕਮ ਹੈ–

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥੭॥ (੧੩੪)

---

## ਮਾਸਟਰ ਉਜਾਗਰ ਸਿੰਘ ਜੀ ਖਾਲਸਾ ਫਰਵਾਲੀ

ਆਪ ਜੀ ਜ਼ਿਲਾ ਲੁਧਿਆਣਾ ਤੇ ਸੰਗਰੂਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਹਰ ਮਹੀਨੇ ਰੈਣ ਸਬਾਈ ਕੀਰਤਨਾਂ ਦੇ ਪਰਬੰਧ ਦੀ ਸੇਵਾ ੯੫੯ ਤੋਂ ੧੯੮੨ ਫ਼ਰਵਰੀ ਤਕ ਨਿਭਾਉਂਦੇ ਰਹੇ ਹਨ। ਉਹ ਬੇਨਤੀ ਕਰਦੇ ਹਨ ਕਿ ਇਸ ਸੇਵਾ ਸਮੇਂ ਉਨ੍ਹਾਂ ਪਾਸੋਂ ਕੋਈ ਭੁਲ ਹੋ ਗਈ ਹੋਵੇ ਤਾਂ ਸਮੂਹ ਵੀਰ ਭੈਣਾਂ ਬਖਸ਼ ਦੇਣ। ਹੁਣ ਉਨ੍ਹਾਂ ਦਾ ਐਡਰੈਸ ਇਹ ਹੈ–
ਮਾ: ਉਜਾਗਰ ਸਿੰਘ ਖਾਲਸਾ, 20187- 53rd ave Langley B. C. V3A 3V2, canada



www.AKJ.Org

# ਰਹਿਣੀ ਰਹੇ ਸੋਈ ਸਿਖ ਮੇਰਾ

[ਬੀਬੀ ਪ. ਕੌਰ ਖਾਲਸਾ, ਜਲੰਧਰ]

ਗੁਰੂ ਕੇ ਸਿੱਖ ਦਾ ਸਭ ਤੋਂ ਸ਼੍ਰੇਸਟ ਧਰਮ ਆਪਣੀਆਂ ਇੰਦਰੀਆਂ ਤੇ ਕਾਬੂ ਪਾ ਕੇ ਨਾਮ ਸਿਮਰਨ ਦਵਾਰਾ 'ਪਰਮ-ਪੁਰਖ' ਵਿੱਚ ਅਭੇਦ ਹੋਣਾ ਹੈ। ਭੁੱਲੀ ਲੁਕਾਈ ਵਿਕਾਰਾਂ ਦੇ ਵਹਿਸ਼ੀਪੁਣੇ ਵਿੱਚ ਬਹੁਤ ਬੁਰੀ ਤਰ੍ਹਾਂ ਗੋਤੇ ਖਾ ਰਹੀ ਹੈ। ਇਸ ਮਿੱਠੀ ਜ਼ਹਿਰ ਤੋਂ ਛੁਟਕਾਰਾ ਪਾਉਣਾ ਅਤੀ ਕਠਿਨ ਹੈ। ਜੇ ਇਨ੍ਹਾਂ ਬਿਕਰਾਲ ਵਿਕਾਰਾਂ ਦੀ ਅੱਗ ਤੋਂ ਬਚਿਆ ਹੈ ਤਾਂ ਕੇਵਲ ਅਤੇ ਕੇਵਲ ਦਸਮੇਸ਼ ਪਿਤਾ ਜੀ ਦਾ ਪੁੱਤਰ "ਖਾਲਸਾ" ਹੀ ਹੈ।

ਅਗਰ ਕੋਈ ਇਨਸਾਨ ਗੁਰੂ ਸਾਹਿਬ ਦਾ ਪਵਿੱਤਰ ਬਾਣਾ ਪਹਿਨ ਕੇ ਵੀ ਇਨ੍ਹਾਂ ਕੁਰੀਤੀਆਂ ਤੋਂ ਗੁਰੇਜ਼ ਨਹੀਂ ਕਰਦਾ ਤਾਂ ਕੀ ਉਸਨੂੰ 'ਖਾਲਸਾ' ਅਥਵਾ ਗੁਰਸਿੱਖ ਕਹਿਣਾ ਠੀਕ ਹੈ ? ਜੋ ਗੁਰੂ ਸਾਹਿਬ ਨਾਲ ਧੋਖਾ ਕਰਦਾ ਹੈ, ਕੀ ਉਹ ਉਸ ਪਿਤਾ ਦਾ ਪੁੱਤਰ ਕਹਾਉਣ ਦੇ ਯੋਗ ਹੈ ? ਨਹੀਂ ! ਕਦਾਚਿੱਤ ਨਹੀਂ ! ਰਹਿਤਨਾਮੇ ਦਸਮੇਸ਼ ਪਿਤਾ ਜੀ ਦੇ ਹੁਕਮ ਫੁਰਮਾ ਰਹੇ ਨੇ–

ਪਰ ਇਸਤ੍ਰੀ ਸਿਉ ਨੇਹੁ ਲਗਾਵੈ ॥ ਗੋਬਿੰਦ ਸਿੰਘ ਵਹ ਸਿਖ ਨ ਭਾਵੈ ॥

ਗੁਰੂ ਸਾਹਿਬ ਨੇ 'ਰਹਿਣੀ' ਨੂੰ ਅੰਗੀਕਾਰ ਕੀਤਾ ਹੈ ਨਾ ਕਿ ਬਾਹਰੀ ਦਿਖਾਵੇ ਨੂੰ। 'ਰਹਿਤਨਾਮੇਂ' ਵਿਚੋਂ ਅਕਾਲ ਪੁਰਖ ਵਾਹਿਗੁਰੂ ਜੀ ਦੀਆਂ ਅਪਾਰ ਰਹਿਮਤਾਂ ਤੇ ਬਖ਼ਸ਼ਿਸ਼ਾਂ ਦਵਾਰਾ ਸਾਨੂੰ ਇਹ ਸਿੱਖਿਆ ਮਿਲ ਰਹੀ ਏ:– ਰਹਿਤ ਬਿਨਾਂ ਨਹਿ ਸਿਖ ਕਹਾਵੈ ॥ ਰਹਿਤ ਬਿਨਾਂ ਦਰਿ ਚੋਟਾਂ ਖਾਵੈ ॥

ਅਤੇ– ਧ੍ਰਿਗ ਲੋਇਣ ਗੁਰ ਦਰਸ ਵਿਣੁ ਵੇਖੈ ਪਰ-ਤਰਣੀ ॥੧੦॥(੨੭)

---

# ਇੱਕੋ ਆਸ

[ਪ੍ਰੋ: ਬਲਵਿੰਦਰ ਪਾਲ ਸਿੰਘ ਜੀ, ਲੁਧਿਆਣਾ]

ਬੰਬਾਂ ਦੀ ਦੁਨੀਆ ਵਿਚ ਬੰਦਾ ਹੈ ਘਿਰਿਆ।
ਬੰਦੇ ਦਾ ਲਗਦੈ ਦਿਮਾਗ ਹੈ ਫਿਰਿਆ।
ਆਪੇ ਬਣਾਏ ਬੰਬਾਂ ਤੋਂ ਆਪ ਹੀ ਡਰਦੇ,
ਇਨ੍ਹਾਂ ਪੁੱਠੇ ਕੰਮਾਂ ਤੋਂ ਪਹਿਲੋਂ ਕਿਉਂ ਨ ਹਿਰਿਆ ?

ਹੀਰੋਸ਼ੀਮਾ ਨਾਗਾ ਸਾਕੀ ਦੀ ਧਰਤੀ ਹੈ ਕੰਬਦੀ।
ਕੌੜੀ ਯਾਦ ਸਾਂਭੀ ਬੈਠੀ ਅਮਰੀਕੀ ਐਟਮ ਬੰਬ ਦੀ।
ਮਨੁੱਖ ਹਥੋਂ ਮਨੁਖਤਾ ਦਾ ਜੇ ਬੇੜਾ ਗ਼ਰਕ ਹੋ ਜਾਣੈ,
ਕੀ ਕਰਨੇ ਸਭਿਆਚਾਰ, ਸਾਇੰਸ-ਕਲਾ ਕਿਸ ਕੰਮ ਦੀ ?

ਵੀਹਵੀਂ ਸਦੀ, ਵਿਕਾਸ ਦੀ ਸਿਖਰ, ਬੜਕਾਂ ਬੜੀਆਂ ਉਚੀਆਂ।
ਇਨਕਲਾਬ, ਸਮਾਜਵਾਦ, ਮਨੁੱਖੀ ਹੱਕਾਂ ਦੀਆਂ ਢੁੱਚੀਆਂ।
ਯੂ. ਐਨ. ੳ, ਦਾ ਜਨਾਜ਼ਾ ਕੱਢ ਰਹੇ ਸਾਰੇ ਹੀ ਦੇਸ਼ ਨੇ,
ਪਸਾਰਵਾਦੀ, ਹੜੱਪਵਾਦੀ, ਖਾਊਵਾਦੀ ਰੁਚੀਆਂ।

ਇਕੋ ਆਸ ਤੇ ਵਿਸ਼ਵਾਸ ਗੁਰੂ ਗ੍ਰੰਥ ਦਾ ਵਿਚਾਰ ਹੈ।
ਇਹਦੇ ਵਿਚ ਗੁੰਦਿਆ ਮਨੁੱਖੀ ਏਕਾ ਤੇ ਪਿਆਰ ਹੈ।
ਹੋਰ ਕਿਸੇ ਥਾਵੇਂ ਨਹੀਂ ਸਰਨਾ ਮਨੁੱਖ ਦਾ,
ਉਠੋ ਵੀਰੋ ਭੈਣੋ ਹੋਣਾ ਏਸੇ ਲਈ ਤਿਆਰ ਹੈ।



www.AKJ.Org

# ਰਾਖਾ ਹੋ ਫੁਲਵਾੜੀ ਦਾ

[ਗਿ: ਜਗਤਾਰ ਸਿੰਘ ਜੀ ਜਾਚਕ, ਹੈਡ ਗ੍ਰੰਥੀ, ਗੁ: ਸਬਜ਼ੀ ਮੰਡੀ, ਲੁਧਿਆਣਾ]

ਆਪ ਸਿੱਖੀ ਦਾ ਬੀਜ ਬੀਜਿਆ, ਮਾਲਕ ਬਣਿਓਂ ਵਾੜੀ ਦਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।
ਅੱਜ ਤੇਰੀਆਂ ਕੋਮਲ ਕਲੀਆਂ ਦੀ ਕਈ ਦਾਬ ਮਿਟਾਣਾ ਚਾਹੁੰਦੇ ਨੇ।
ਰਹਿੰਦੇ ਖੁੰਹਦੇ ਫੁਲਾਂ ਨੂੰ ਵੀ, ਜੜ੍ਹੋਂ ਸੁਕਾਉਣਾ ਚਾਹੁੰਦੇ ਨੇ।
ਪਹਿਲਾਂ ਸੀ ਤਲਵਾਰ ਚਲਦੀ ਹੁਣ ਮਾਰ ਕਲਮ ਦੀ ਪੈਂਦੀ ਵਾ।
ਤੇਗ ਚਲਦੀ ਦਿਸ ਪੈਂਦੀ ਸੀ, ਸਿੰਘ ਸੂਰਮੇ ਡਟਦੇ ਆ।
ਜਿਹੜਾ ਉਠਦਾ ਉਸੇ ਨੂੰ ਹੀ, ਪੈਂਦਾ ਵਾਰ ਕੁਲਹਾੜੀ ਦਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾਦੀ ਦਾ।੧।

ਜਿਨ੍ਹਾਂ ਖ਼ਾਤਰ ਸੀਸ ਸੀ ਵਾਰੇ ਦੁਸ਼ਮਣ ਬਣ ਗਏ ਵਾੜੀ ਦੇ।
ਨਿਮਕ-ਹਰਾਮੀ ਭੁਲ ਗਏ ਤੈਨੂੰ, ਮੰਦਰ ਤੇਰੇ ਸਾੜੀ ਦੇ।
ਸਾਬਤ ਸੂਰਤ ਜਿਹੜੇ ਦਿਸਦੇ ਜੇਲ੍ਹ ਅੰਦਰ ਓਹ ਤਾੜੀ ਦੇ।
ਅਤਵਾਦੀ ਦਾ ਲਾ ਬਹਾਨਾ, ਘਰ ਨੇ ਪਏ ਉਜਾੜੀ ਦੇ।
ਸਿਖੀ ਦੀ ਜੋ ਵਾਜ ਉਠਾਉਂਦਾ, ਉਸੇ ਨੂੰ ਹੀ ਮਾਰੀ ਦਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੨।

ਵਾੜ ਖੇਤ ਨੂੰ ਖਾਣ ਲੱਗੀ ਏ, ਸਿੱਖੀ ਰੂਪ ਸਦਾਉਂਦੇ ਨੇ।
ਕੁਰਸੀ ਦੀ ਖ਼ਾਤਰ ਸਾਰੇ, ਗੰਗੂ ਭਰਾ ਕਹਾਉਂਦੇ ਨੇ।
ਸਿਖ ਫੁਲਵਾੜੀ ਹੈ ਨਿਰਾਲੀ, ਮਿਲਗੋਭਾ ਪਏ ਬਣਾਉਂਦੇ ਨੇ।
ਸੁੱਚਾ ਨੰਦ ਦੇ ਭਾਈ ਬਣ ਗਏ, ਤੇਰੇ ਪੁਤ ਭੁਲਾਉਂਦੇ ਨੇ।
ਇਨ੍ਹਾਂ ਨੂੰ ਤੂੰ ਮੱਤ ਬਖਸ਼ ਦੇ, ਬਣਨ ਫੁਲ ਸਿਖ ਵਾੜੀ ਦਾ।
ਹੈ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੩।

ਜਿਹੜੇ ਰਾਖੇ ਆਪ ਸਦਾਉਂਦੇ, ਸਿੰਘ ਵੀ ਓਹ ਅਖਵਾਉਂਦੇ ਨੇ।
ਪੋਚੀਆਂ ਪੱਗਾਂ, ਖੁਲ੍ਹੇ ਦਾੜ੍ਹੇ, ਕੁਰਸੀ ਦੇ ਸਭ ਭੁਖੇ ਨੇ।
ਇਕ ਦੂਜੇ ਨੂੰ ਕਢਣ ਗਾਲ੍ਹਾਂ ਭੁਲ ਗਏ ਤੇਰੀ ਬਾਣੀ ਨੂੰ।
ਨਾਮ ਬਿਨਾਂ ਇਹ ਚੋਰ ਨੇ ਸਾਰੇ, ਭਾਲਣ ਆਪਣੇ ਹਾਣੀ ਨੂੰ।
ਜੱਟ ਭਾਪੇ ਦੇ ਪੈ ਗਏ ਅੰਤਰੇ, ਟਬਰ ਆਪਣਾ ਪਾਲੀ ਦਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੪।

ਤੂੰ ਸ਼ਸਤਰ ਨੂੰ ਪੀਰ ਆਖਿਆ, ਸਿੰਘ ਦੇ ਹੱਥ ਫੜਾਏ ਸੀ।
ਸੰਤ ਸਿਪਾਹੀ ਸਿੰਘ ਸੂਰਮੇ, ਤੂੰ ਤਾਂ ਆਪ ਸਜਾਏ ਸੀ।
ਸ਼ਸਤਰ ਬਾਝੋਂ ਭੇਡ ਵਾਂਗ ਹੈ, ਇਹ ਤੂੰ ਹੁਕਮ ਸੁਣਾਏ ਸੀ।
ਕਮਰਕਸੇ ਕਰ ਦਿਓ ਦਿਦਾਰੇ, ਇਹ ਤੂੰ ਬਚਨ ਅਲਾਏ ਸੀ।
ਅਸਤਰ ਸ਼ਸਤਰ ਖੋਹੇ ਜਾਵਣ ਹਾਲਤ ਸਾਡੀ ਮਾੜੀ ਵਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੫।



www.AKJ.Org

ਏਕੇ ਦੇ ਵਿਚ ਰਹੋ ਪ੍ਰੋਤੇ ਏਕੰਕਾਰ ਅਲਾਇਆ ਸੀ।
ਇਸ ਏਕੇ ਦੇ ਅਰਥ ਭੁਲ ਗਏ, ਹੁਣ ਇਹ ਰਾਹ ਅਪਣਾਇਆ ਈ।
ਇਕ ਦੂਜੇ ਨੂੰ ਲਗੇ ਮਾਰਨ, ਬਹੁੜ ਪੰਥ ਦੇ ਵਾਲੀ ਤੂੰ।
ਫੁਲ ਤੇਰੇ ਅਜ ਬਿਖਰ ਚਲੇ ਨੇ, ਆ ਜਾ ਬਣ ਕੇ ਮਾਲੀ ਤੂੰ।
ਆਪ ਸਿਖੀ ਦਾ ਬੀਜ ਬੀਜਿਆ, ਮਾਲਕ ਬਣਿਓ ਵਾੜੀ ਦਾ।
ਹੇ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੬।

ਆਉਣਾ ਨਹੀਂ ਤਾਂ ਸ਼ਕਤੀ ਦੇ ਦੇ ਪਤਝੜ ਫੇਰ ਬਹਾਰ ਬਣੇ।
ਸ੍ਰਿਸ਼ਟੀ ਸਾਰੀ ਸਜੇ ਖਾਲਸਾ, ਸਤਿ ਸ੍ਰੀ ਅਕਾਲ ਸੁਣੇ।
ਗੁਰੂ ਗ੍ਰੰਥ ਤੇ ਗੁਰੂ ਪੰਥ ਹੈ, ਇਸ ਦੇ ਅਰਥ ਵਿਚਾਰ ਲਈਏ।
ਦੰਭੀ ਗੁਰੂਆਂ ਦਾ ਛਡ ਪਿਛਾ, ਸ਼ਬਦ ਸੁਰਤ ਵਿਚਾਰ ਲਈਏ।
ਜਾਚਕ ਦੀ ਅਜ ਇਹੀ ਜਾਚਨਾ, ਆ ਬਣ ਮਾਲਕ ਵਾੜੀ ਦਾ।
ਹੈ ਗੁਰੂ ਗੋਬਿੰਦ ਪਹੁੰਚ ਅਚੰਭਤ, ਰਾਖਾ ਹੋ ਫੁਲਵਾੜੀ ਦਾ।੭।

---

# ਕਲਗੀਧਰ ਜੀ ਦੇ ਉਪਕਾਰ

[ਬੀਬੀ ਦਲੀਪ ਕੌਰ ਜੀ, ਕਾਨਪੁਰ]

ਵਾਹਿਗੁਰੂ ਜੀ ਨੇ ਹਰ ਪ੍ਰਾਣੀ ਨੂੰ ਬਖਸ਼ ਦਿਤੇ ਹਨ ਕੇਸ।
ਕੇਸਾਂ ਨਾਲ ਹੀ ਲਗਦਾ ਹੈ ਸੋਹਣਾ ਸੁੰਦਰ ਵੇਸ।

ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ ਉਪਕਾਰ।
ਅੰਮ੍ਰਿਤਧਾਰੀ ਸਿੰਘ-ਸਿੰਘਣੀ ਨੂੰ ਬਖਸ਼ੇ ਹਨ ਪੰਜ ਕਕਾਰ।

'ਕੇਸਕੀ' ਕੇਸਾਂ ਲਈ ਹੈ ਬਖਸ਼ੀ, ਜੋ ਹੈ ਛੋਟੀ ਦਸਤਾਰ।
ਕਲਗੀਧਰ ਜੀ ਨੇ ਸਾਡੇ ਤੇ ਕੀਤਾ ਹੈ ਇਹ ਉਪਕਾਰ।

ਕਛ ਕੜਾ ਕੰਘਾ ਕੇਸਕੀ, ਕ੍ਰਿਪਾਨ ਸਦਾ ਅੰਗ ਸੰਗ ਰਖਣਾ।
ਸਕੇਸ਼ੀ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਨਾਮ ਵੀ ਜਪਣਾ।

ਅੰਮ੍ਰਿਤ ਬਾਣੀਆਂ ਦਾ ਪਾਠ ਕਰਨਾ ਹੈ ਨਿਤਾਪ੍ਰਤ ਅੰਮ੍ਰਿਤ ਵੇਲੇ।
ਇਸ ਤਰ੍ਹਾਂ ਇਹ ਹੋ ਸਕਣਗੇ ਮਨੁਖਾ ਜਨਮ ਸੁਹੇਲੇ।

ਰਹਿਤਵਾਨ ਅੰਮ੍ਰਿਤਧਾਰੀ ਸਿੰਘ-ਸਿੰਘਣੀ ਹੈ ਖਾਲਸਾ।
ਡਰ-ਭਰਮ ਦੂਰ ਹੋਵੇ ਮਨ ਚੋਂ ਤਾਂ ਉਹੋ ਹੈ ਖਾਲਸਾ।

ਖਾਲਸਾ ਤਿਆਗਦਾ ਹੈ 'ਬਿਪਰਨ ਕੀ ਰੀਤ'।
ਖਾਲਸਾ ਧਾਰਦਾ ਹੈ, 'ਗੁਰਸਿਖੀ ਦੀ ਰੀਤ'।

ਬਿਨਾ 'ਕੇਸਕੀ' ਬੀਬੀਆਂ ਦੇ ਸੀਸ ਤੇ ਨਹੀਂ ਟਿਕਦੇ ਦੁਪੱਟੇ।
ਸਾਰਾ ਦਿਨ ਸਿਰ ਤੇ ਉਡ ਉਡ ਪੈਂਦੇ ਨੇ ਮਿੱਟੀ ਘੱਟੇ।

ਕਲਗੀਧਰ ਜੀ ਨੇ ਮਾਈ ਭਾਗ ਕੋਰ ਨੂੰ ਬਖਸ਼ੀ ਸੀ ਦਸਤਾਰ।
ਕਲਗੀਧਰ ਜੀ ਨੇ ਮੇਰੇ ਤੇ ਵੀ ਇਹ ਕੀਤਾ ਹੈ ਉਪਕਾਰ।


www.AKJ.Org

# ਦੋ ਹੰਝੂ-ਭਰੇ ਸ਼ਬਦ

[ਪ੍ਰੋ: ਨਰੈਣ ਸਿੰਘ ਜੀ, ੨੯-ਸ਼ਿਵਾਲਾ ਰੋਡ, ਸ੍ਰੀ ਅੰਮ੍ਰਿਤਸਰ]

**ਨੋਟ**—ਸਿਖ ਧਰਮ ਦੇ ਮੁਢਲੇ ਸਿਧਾਂਤਾਂ ਵਿਚੋਂ ਸਿਰਮੋਰ "ਸ਼ਬਦ-ਗੁਰੂ" ਸਿਧਾਂਤ ਹੈ । ਇਸ ਦੀ ਵਿਆਖਿਆ ਗੁਰਬਾਣੀ ਵਿਚ ਥਾਂ-ਪਰ-ਥਾਂ ਮਿਲਦੀ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਸੰਕਲਨ ਕਰ ਕੇ ਪੋਥੀ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਤਖ਼ਤ ਤੇ ਸਸ਼ੋਭਤ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਮਲੀ ਤੌਰ ਤੇ ਗੁਰਤਾ ਦੇ ਕੇ ਸਿਖ ਸੰਗਤ ਨੂੰ 'ਸ਼ਬਦ-ਗੁਰੂ' ਦੇ ਲੜ ਲਾਇਆ ।

ਅਫ਼ਸੋਸ ਦੀ ਗੱਲ ਹੈ ਕਿ ਅਸੀਂ 'ਸ਼ਬਦ-ਗੁਰੂ' ਦੇ ਸਿਧਾਂਤ ਨੂੰ ਸਮਝਣ ਅਤੇ ਪਰਚਾਰਨ ਵਿਚ ਅਨਗਹਿਲੀ ਵਰਤੀ ਹੈ, ਜਿਸ ਦੇ ਫਲ-ਸਰੂਪ ਕਈ ਦੇਹਧਾਰੀ ਗੁਰਤਾ ਦਾ ਦਾਅਵਾ ਸਮੇਂ ਸਮੇਂ ਬੰਨ੍ਹਦੇ ਰਹੇ ਹਨ ਅਤੇ ਭੋਲੀ ਭਾਲੀ ਸਿਖ ਜਨਤਾ ਨੂੰ ਗੁਮਰਾਹ ਕਰਨ ਦਾ ਕੋਝਾ ਜਤਨ ਕਰਦੇ ਰਹੇ ਹਨ ।

ਭਾਈ ਗੁਰਦਾਸ ਜੀ ਦਾ ਫੁਰਮਾਨ ਹੈ—

ਕੂੜ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ ॥

ਉਪਰੋਕਤ ਸਚਾਈ ਅਨੁਸਾਰ ਕਈ ਗੁਰਤਾ ਦਾ ਦਾਅਵਾ ਬੰਨ੍ਹਦੇ ਸਫ਼ਾ-ਹਸਤੀ ਤੋਂ ਮਿਟ ਗਏ ਹਨ ਅਤੇ ਕਈ ਨਵੇਂ ਉਗਮ ਆਏ ਹਨ । ਇਨ੍ਹਾਂ ਵਿਚੋਂ ਇਕ ਸ਼੍ਰੇਣੀ ਰਾਧਾ ਸੁਆਮੀਆਂ ਦੀ ਹੈ । ਇਸ ਮੱਤ ਦਾ ਪ੍ਰਭਾਵ ਲੋਕੀ ਇਸ ਕਰਕੇ ਵਧੇਰੇ ਕਬੂਲਦੇ ਹਨ ਕਿ ਇਹ ਮਾਸ ਸ਼ਰਾਬ ਆਦਿ ਦੀ ਵਰਤੋਂ ਵਰਜਿਤ ਕਰਦੇ ਹਨ । ਪਰ ਜਿਥੋਂ ਤਕ ਲੋਕਾਂ ਨੂੰ ਗੁਮਰਾਹ ਕਰਨ ਦਾ ਸੰਬੰਧ ਹੈ ਉਸ ਵਿਚ ਇਸ ਮੱਤ ਵਾਲੇ ਬਾਕੀਆਂ ਨੂੰ ਵੀ ਮਾਤ ਪਾ ਗਏ ਹਨ ।

ਕੋਈ ਆਪਣਾ ਸਿਧਾਂਤ ਆਪਣੇ ਵਡੇਰਿਆਂ ਦੀ ਲਿਖਤ ਦੇ ਅਧਾਰ ਤੇ ਪਰਚਾਰੇ, ਸਾਨੂੰ ਇਤਰਾਜ਼ ਨਹੀਂ, ਪਰ ਜਦੋਂ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਆੜ ਲੈ ਕੇ ਆਪਣੇ ਮੱਤ ਦੇ "ਨਾਮ" ਨੂੰ "ਗੁਰਮਤਿ ਨਾਮ" ਨਾਲ ਰਲ-ਗੱਡ ਕਰੇ, ਗੁਰਬਾਣੀ ਵਿਚ ਵਰਣਨ ਗੁਰੂ-ਉਸਤਤਿ ਨੂੰ ਆਪਣੇ ਖ਼ੁਦ-ਸਾਖ਼ਤਾ ਅਖੌਤੀ ਗੁਰੂਆਂ ਤੇ ਢੁਕਾਏ ਤਾਂ ਨਿਸਚੇ ਹੀ ਇਹ ਕਾਬਲੇ-ਇਤਰਾਜ਼ ਗੱਲ ਹੈ, ਅਤੇ ਇਹ ਸਰਾਸਰ ਅਯੋਗ ਹੈ ।

ਰਾਧਾ ਸੁਆਮੀ ਮਤ ਵਾਲਿਆਂ ਨੇ ਭੋਲੀ ਭਾਲੀ ਸਿਖ ਜਨਤਾ ਨੂੰ ਆਪਣੇ ਜਾਲ ਵਿਚ ਫਸਾਣ ਲਈ ਕੁਝ ਪੁਸਤਕਾਂ ਲਿਖੀਆਂ ਲਿਖਾਈਆਂ ਹਨ, ਜਿਨ੍ਹਾਂ ਵਿਚ ਗੁਰਬਾਣੀ ਦੀ ਬਹੁਤ ਵਰਤੋਂ ਕੀਤੀ ਹੈ । ਗੁਰਬਾਣੀ ਦੇ ਮਨੋ-ਕਲਪਤ ਅਤੇ ਗ਼ਲਤ ਅਰਥ ਕਰ ਕੇ ਆਪਣਾ ਉੱਲੂ ਸਿਧਾ ਕਰਨ ਦਾ ਜਤਨ ਕੀਤਾ ਹੈ । ਸਾਡੀਆਂ ਪ੍ਰਮੁਖ ਸੰਸਥਾਵਾਂ ਤਾਂ ਆਪਣੇ ਪ੍ਰਸਪਰ ਝਗੜਿਆਂ ਵਿਚ ਉਲਝੀਆਂ ਪਈਆਂ ਹਨ,ਪਰ ਕੁਝ ਕੁ ਸਿਖ ਵਿਦਵਾਨਾਂ ਨੇ ਰਾਧਾ ਸੁਆਮੀਆਂ ਦੇ ਗ਼ਲਤ ਪ੍ਰਚਾਰ ਅਤੇ ਅਯੋਗ ਢੰਗ ਦਾ ਨੋਟਸ ਲਿਆ ਹੈ । ਪ੍ਰੋਫੈਸਰ ਨਰੈਣ ਸਿੰਘ ਜੀ ਨੇ "ਰਾਧਾ ਸੁਆਮੀ ਬਾਬਿਆਂ ਦੇ ਕਾਲੇ ਲੇਖ" ਨਾਮੀ ਪੁਸਤਕ ਲਿਖੀ ਹੈ, ਜੋ ਭਗਤ ਪੂਰਨ ਜੀ ਪਿੰਗਲਵਾੜਾ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ । ਇਸ ਪੁਸਤਕ ਦੇ ਜੋ ਅਰੰਭਕ ਬਚਨ "ਦੋ ਹੰਝੂ ਭਰੇ ਸ਼ਬਦ" ਦੇ ਸਿਰਲੇਖ ਹੇਠ ਕਿਤਾਬ ਵਿਚ ਅੰਕਿਤ ਹਨ ਉਹ ਬਚਨ ਪਾਠਕਾਂ ਦੇ ਪੇਸ਼ ਕੀਤੇ ਜਾਂਦੇ ਹਨ । —ਸੰਪਾਦਕ

ਰਾਧਾ ਸੁਆਮੀ ਵਿਚਾਰਧਾਰਾ ਦਾ ਪੰਜਾਬ ਵਿਚ ਅੱਜ ਤੋਂ ਸੌ ਕੁ ਸਾਲ ਪਹਿਲਾਂ ਕੋਈ ਵੀ ਵਜੂਦ ਨਹੀਂ ਸੀ, ਸਗੋਂ ਸਾਰੇ ਭਾਰਤ ਵਿਚ ਵੀ, ਸਿਵਾਇ ਆਗਰੇ ਦੇ, ਇਸਦਾ ਕੋਈ ਖ਼ਾਸ ਵਜੂਦ ਨਹੀਂ ਸੀ । ਇਹ ਸਿੱਖ ਕੌਮ



www.AKJ.Org

ਦੀ ਬਦਕਿਸਮਤੀ ਹੀ ਸਮਝਣੀ ਚਾਹੀਦੀ ਹੈ ਕਿ ਇਕ ਪੰਜਾਬੀ ਬਾਬਾ ਜੈਮਲ ਸਿੰਘ, ਜੋ ਉਸ ਸਮੇਂ ਸਿਖ ਹੀ ਸਨ, ਨੇ ਰਾਧਾ ਸੁਆਮੀ ਵਿਚਾਰਧਾਰਾ ਆਗਰੇ ਤੋਂ ਅਪਣਾ ਕੇ ਤੇ ਬਿਆਸ ਆ ਕੇ ਆਪਣੀ ਗੱਦੀ ਕਾਇਮ ਕਰ ਲਈ ਸੀ, ਜਿਸ ਦਾ ਅੱਡਾ ਅੱਜ 'ਡੇਰਾ ਬਾਬਾ ਜੈਮਲ ਸਿੰਘ' ਕਹਾਂਦਾ ਹੈ। 'ਬਦ-ਕਿਸਮਤੀ' ਸ਼ਬਦ ਦੀ ਵਰਤੋਂ ਮੈਂ ਇਸ ਲਈ ਕੀਤੀ ਹੈ ਕਿ ਬਾਬਾ ਸਾਹਿਬ ਅਤੇ ਉਨ੍ਹਾਂ ਦੇ ਪਿਛੋਂ ਆਏ ਡੇਰੇ ਦੇ ਗੱਦੀ-ਦਾਰ, ਬਾਬਾ ਸਾਵਣ ਸਿੰਘ, ਬਾਬਾ ਜਗਤ ਸਿੰਘ ਤੇ ਹੁਣ ਬਾਬਾ ਚਰਨ ਸਿੰਘ, ਕੇਸਾਧਾਰੀ ਹੋਣ ਦੇ ਕਾਰਨ, ਕਿਉਂਕਿ ਸਿਖ ਹੀ ਸਮਝੇ ਜਾਂਦੇ ਰਹੇ ਹਨ,ਇਹ ਸਾਰੇ ਵਾਰੋ ਵਾਰੀ ਕਈ ਸਿੱਖਾਂ ਨੂੰ ਗੁਮਰਾਹ ਕਰਨ ਵਿਚ ਸਫਲ ਹੋ ਜਾਂਦੇ ਰਹੇ ਹਨ। ਹਾਲਤ ਇਹ ਹੋ ਗਈ ਹੋਈ ਹੈ ਕਿ ਸਿਖ ਗੁਰੂ ਸਾਹਿਬਾਨ ਦੀ ਗੁਰਮਤਿ ਵਿਚਾਰਧਾਰਾ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਗਈ ਹੋਈ ਹੈ, ਦੀ ਰੂਪ-ਰੇਖਾ ਹੀ ਬਦਲੀ ਜਾ ਰਹੀ ਹੈ। ਇਸ ਦੁੱਖਦਾਈ ਹਾਲਤ ਨੂੰ ਵੇਖ ਕੇ ਹੀ ਮੈਂ ਕਈ ਟਰੈਕਟ ਪਿੰਗਲਵਾੜੇ ਵਲੋਂ ਪ੍ਰਕਾਸ਼ਤ ਕਰਵਾਏ ਸਨ ਤੇ ਮੌਜੂਦਾ ਗੱਦੀ-ਦਾਰ ਬਾਬਾ ਚਰਨ ਸਿੰਘ ਨੂੰ ਪ੍ਰੇਰਦਾ ਵੀ ਰਿਹਾ ਸਾਂ ਕਿ ਉਹ ਆਪਣੀ ਜ਼ਿਮੇਵਾਰੀ ਮਹਿਸੂਸ ਕਰਨ ਤੇ ਸਿਖੀ ਨਾਲ ਹੋ ਰਿਹਾ ਅਨਿਆਇ ਬੰਦ ਕਰਨ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਉਤੇ ਕੋਈ ਅਸਰ ਨਹੀਂ ਸੀ ਹੋਇਆ, ਸਗੋਂ ਇਸ ਪ੍ਰਚਾਰ ਨੇ ਹੁਣ ਹੋਰ ਨਵੀਂ ਸ਼ਕਲ ਧਾਰਨ ਕਰ ਲਈ ਹੈ, ਇਕ ਪੁਸਤਕ 'ਸੰਤ-ਮਤ ਵਿਚਾਰ' ਪ੍ਰਕਾਸ਼ਤ ਕਰਕੇ, ਜਿਸ ਨੂੰ ਕੁਝ ਚੋਣਵੇਂ ਸਿਖਾਂ ਤਕ ਵੀ ਅਪੜਾਇਆ ਗਿਆ ਹੈ। ਅਗੇ ਤਾਂ ਰਾਧਾ ਸੁਆਮੀ ਡੇਰਿਆਂ ਵਿਚ ਕਦੀ ਕਦਾਈਂ ਅਪੜੇ ਸਿਖ ਹੀ ਗੁਮਰਾਹ ਹੁੰਦੇ ਸਨ, ਹੁਣ ਘਰ ਬੈਠੇ ਵੀ ਹੋ ਸਕਿਆ ਕਰਨਗੇ। ਪਤਾ ਲੱਗਾ ਹੈ ਕਿ ਪੁਸਤਕ ਅਪੜਾਣ ਦੇ ਧੰਨਵਾਦ ਵਜੋਂ ਹੀ ਕੁਝ ਸਜਣਾਂ ਨੇ ਪ੍ਰਸੰਸਾ ਦੇ ਸ਼ਬਦ ਵੀ ਕਹੇ ਹਨ।

ਇਸ ਪੁਸਤਕ ਦੀ ਇਕ ਕਾਪੀ ਮੈਨੂੰ ਵੀ, ਲੰਮੇ ਸਮੇਂ ਦੇ ਮੇਰੇ ਇਕ ਮਿੱਤਰ, ਸ: ਕਿਰਪਾਲ ਸਿੰਘ ਜੀ ਨਾਰੰਗ ਵਲੋਂ, ਭੇਜੀ ਗਈ ਸੀ। ਡਿਗੀ ਹੋਈ ਸਿਹਤ ਅਤੇ ਕਮਜ਼ੋਰੀ ਦੇ ਕਾਰਨ ਮੈਂ ਇਸ ਨੂੰ ਪੜ੍ਹਨ ਦਾ ਇੱਛਕ ਵੀ ਨਹੀਂ ਸਾਂ, ਪਰ ਜਦੋਂ ਇਹ ਪੜ੍ਹ ਲਈ ਗਈ ਤਾਂ ਮੈਂ ਬੇ-ਹੱਦ ਦੁੱਖ-ਭਰੀ ਉਦਾਸੀ ਵਿਚ ਚਲਾ ਗਿਆ ਤੇ ਮਨ ਵੀ ਬਣਾ ਲਿਆ ਕਿ ਸਮਾਂ ਆ ਚੁੱਕਾ ਹੈ, ਇਸ ਹਨੇਰ-ਗਰਦੀ ਦਾ ਮੁਕਾਬਲਾ ਕਿਸੇ ਠੋਸ ਰੂਪ ਵਿਚ ਕਰਨ ਦਾ, ਭਾਵੇਂ ਵੱਡੀ ਤੋਂ ਵੱਡੀ ਕੁਰਬਾਨੀ ਵੀ ਦੇਣੀ ਪਏ। ਰਾਧਾ ਸੁਆਮੀਆਂ ਦੀ ਸੁਰਤਿ ਨੂੰ ਜਗਾਣ ਦਾ ਹੋਰ ਕੋਈ ਚਾਰਾ ਹੀ ਨਹੀਂ ਸੀ ਦਿਸਦਾ।

ਮਨ ਦੀ ਇਸ ਹਾਲਤ ਵਿਚ ਹੀ ਮੈਂ ਨਾਰੰਗ ਜੀ ਨਾਲ ਚਿੱਠੀ-ਪੱਤਰ ਅਰੰਭ ਦਿਤਾ। ਪਰ ਪਹਿਲਾਂ ਇਹ ਦੱਸਣ ਦੀ ਲੋੜ ਵੀ ਹੈ ਕਿ ਪੁਸਤਕ ਦੇ ਲੇਖਕ ਹੈਨ ਕੌਣ ? ਡੇਰੇ ਵਲੋਂ ਇਸ ਦੇ ਪ੍ਰਕਾਸ਼ਕ ਪੁਸਤਕ ਐਸ. ਐਲ. ਸੋਂਧੀ ਨੇ ਤਾਂ ਇਨ੍ਹਾਂ ਨੂੰ ਨਿਰੋਲ ਖੋਜੀ ਦੇ ਰੂਪ ਵਿਚ ਹੀ ਇਉਂ ਉਛਾਲਿਆ ਹੈ :—"ਆਪਣੀ ਖੋਜ ਦੇ ਦੌਰਾਨ, ਇਨ੍ਹਾਂ ਦੋਹਾਂ ਵਿਦਵਾਨਾਂ ਨੂੰ ਸੰਸਾਰ ਦੇ ਪ੍ਰਮੁਖ ਧਰਮਾਂ ਦੇ ਮੂਲ ਸਿਧਾਂਤਾਂ ਨੂੰ ਗਹਿਰਾਈ ਵਿਚ ਜਾ ਕੇ ਵਿਚਾਰਨ ਦਾ ਅਵਸਰ ਮਿਲਿਆ। ਦੋਹਾਂ ਵਿਦਵਾਨਾਂ ਨੇ ਬਹੁਤ ਸਾਰੇ ਸੰਤਾਂ ਦੀ ਬਾਣੀ ਦੇ ਆਧਾਰ ਉਤੇ ਸੰਤ-ਮਤ ਜਾਂ ਗੁਰਮਤਿ ਦੇ ਮੂਲ-ਸਿਧਾਂਤਾਂ ਅਤੇ ਮੁਖ-ਅੰਗਾ ਨੂੰ, ਨਿਰਪੱਖ ਅਤੇ ਦਲੀਲ-ਭਰੀ ਦ੍ਰਿਸ਼ਟੀ ਤੋਂ ਵਿਚਾਰ ਕੇ ਇਕ ਖਰੜਾ ਤਿਆਰ ਕੀਤਾ, ਜਿਸ ਨੂੰ ਪਬਲੀਕੇਸ਼ਨ ਕਮੇਟੀ ਨੇ ਛਪਵਾਉਣ ਦਾ ਫ਼ੈਸਲਾ ਕੀਤਾ ਤਾਂ ਜੁ ਜਗਿਆਸੂ ਜਨ ਵਿੱਦਵਾਨਾਂ ਦੀ ਖੋਜ-ਭਰੀ ਦ੍ਰਿਸ਼ਟੀ ਦਾ ਲਾਭ ਉਠਾ ਕੇ, ਆਪਣੇ ਸ਼ੰਕੇ ਨਵਿੱਰਤ ਕਰ ਸਕਣ।"

ਇਸ ਸੰਬੰਧ ਵਿਚ ਮੈਨੂੰ ਇਨ੍ਹਾਂ ਖੋਜੀਆਂ ਦੀ ਆਪਣੀ ਜ਼ਬਾਨੀ ਵੀ ਕੁਝ ਦੱਸਣ ਦੀ ਲੋੜ ਭਾਸਦੀ ਹੈ ਤਾਂ ਜੁ ਇਨ੍ਹਾਂ ਦੀ ਸਹੀ ਤਸਵੀਰ ਨਿਖਰ ਕੇ ਸਭ ਦੇ ਸਾਹਮਣੇ ਆ ਜਾਵੇ। ਉਹ ਲਿਖਦੇ ਹਨ : "ਹਜ਼ੂਰ ਮਹਾਰਾਜ ਚਰਨ ਸਿੰਘ ਜੀ ਦੀ ਦਇਆ-ਮਿਹਰ ਲਈ ਧੰਨਵਾਦ ਕਿਵੇਂ ਕਰ ਸਕਦੇ ਹਾਂ ? ਸਿਰਫ ਇਹ ਕਹਿ ਸਕਦੇ ਹਾਂ ਕਿ ਜੇ ਸੰਸਾਰ ਵਿਚ ਕਿਸੇ ਚੀਜ਼ ਦਾ ਮਾਣ ਹੈ ਤਾਂ ਇਸ ਗੱਲ ਦਾ ਕਿ ਸਤਿਗੁਰੂ ਨੇ ਦਇਆ ਮਿਹਰ ਕਰਕੇ ਸਾਡੇ ਜੈਸੇ ਕੁਕਰਮੀਆਂ ਨੂੰ ਆਪਣੀ ਸ਼ਰਨ ਵਿਚ ਲੈਣਾ ਪਰਵਾਨ ਕਰ ਲਿਆ ਹੈ। ਲੇਖਕਾਂ ਦਾ ਇਹ



www.AKJ.Org

ਨਿਮਾਣਾ ਉੱਦਮ ਗੁਰੂ-ਘਰ ਦੀ ਸੇਵਾ ਲਈ ਪਰਵਾਨ ਹੋਇਆ ਹੈ। ਇਸ ਤੋਂ ਵੱਡੀ ਖ਼ੁਸ਼ਕਿਸਮਤੀ ਹੋਰ ਕੀ ਹੋ ਸਕਦੀ ਹੈ ? ਸਤਿਗੁਰੂ ਦਾ ਧਨ, ਸਤਿਗੁਰੂ ਦੀ ਸੰਗਤ ਨੂੰ ਸੌਂਪਦੇ ਹੋਏ, ਮਨ ਪ੍ਰਸੰਨਤਾ ਨਾਲ ਖੀਵਾ ਹੋ ਰਿਹਾ ਹੈ : "ਤੇਰਾ ਤੁਝ ਕਉ ਸੌਂਪਤੇ ਕਿਆ ਲਾਗੇ ਮੇਰਾ ॥"

"ਹੇ ਸਤਿਗੁਰੂ, ਅਸੀਂ ਤੇਰੇ ਨਾਲ ਪ੍ਰੇਮ ਕਰਨ ਦੇ, ਤੇਰੇ ਉਤੇ ਭਰੋਸਾ ਕਰਨ ਦੇ, ਸਮਰਥ ਨਹੀਂ ਹਾਂ। ਆਪਣੀ ਪ੍ਰੀਤ-ਪ੍ਰਤੀਤ ਨੂੰ ਆਪ ਹੀ ਬਖ਼ਸ਼। ਤੇਰੀ ਪਰਮ-ਪਵਿੱਤ੍ਰ, ਪਰਮ ਪਿਆਰੀ ਸੰਗਤ ਦੀ ਸੇਵਾ ਦਾ ਸਾਨੂੰ ਕੋਈ ਵੱਲ ਨਹੀਂ ਆਉਂਦਾ, ਇਹ ਵੱਲ ਤੂੰ ਆਪ ਸਿਖਾ। ਇਹ ਪ੍ਰਾਰਥਨਾ ਜੇ ਝੂਠੇ ਦਿਲੋਂ ਵੀ ਕਰ ਰਹੇ ਹਾਂ, ਤਾਂ ਵੀ ਸੱਚੀ ਕਰਕੇ ਮੰਨ ਲੈ। ਪਰ ਅਗੇ ਲਈ ਮਨ ਨੂੰ ਸੱਚਾ ਬਣਾ ਦੇ, ਤਾਂ ਜੁ ਸਚੀ-ਸਚੀ ਪ੍ਰਾਰਥਨਾ ਕਰ ਸਕੀਏ। ਸ਼ਬਦ ਦੇ ਦਾਤਾ ਸਤਿਗੁਰੂ, ਤੈਨੂੰ ਬਾਰੰਬਾਰ ਨਿਮਸ਼ਕਾਰ :

ਧੰਨ ਸੁ ਵੇਲਾ ਜਿਤ ਮੈ ਸਤਿਗੁਰੁ ਮਿਲਿਆ .....

ਇਉ ਕਹੈ ਨਾਨਕ ਧੰਨ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹ ਚਿਤਿ ਆਇਆ।"

(ਮਹਲਾ ੩, ਪੰਨਾ ੪੪੧)

(ਪੁਸਤਕ ਵਿਚ ਤਾਂ ਸਾਰਾ ਸ਼ਬਦ ਦਿਤਾ ਗਿਆ ਹੈ, ਜਿਸ ਵਿਚੋਂ ਪਹਿਲੀ ਤੇ ਆਖਰੀ ਸਤਰਾਂ ਏਥੇ ਵਿਖਾਈਆਂ ਗਈਆਂ ਹਨ)।

ਹੁਣ ਪਾਠਕ ਆਪ ਹੀ ਵੇਖ ਸਕਣਗੇ ਕਿ ਇਹ ਲੇਖਕ ਕਿਸ ਕਿਸਮ ਦੀ ਨਿਰਪਖ ਤੇ ਦਲੀਲ-ਭਰੀ ਦ੍ਰਿਸ਼ਟੀ ਤੋਂ ਪੁਸਤਕ ਨੂੰ ਵਿਖਾਲ ਸਕਣਗੇ ? ਇਸ ਵਿਚ ਅੰਤਲਾ ਸ਼ਬਦ ਸਤਿਗੁਰੂ ਅਮਰਦਾਸ ਜੀ ਦਾ ਹੈ, ਪਰ ਇਸ ਦੀ ਵਰਤੋਂ "ਬਾਬਾ ਚਰਨ ਸਿੰਘ" ਨੂੰ ਸਤਿਗੁਰੂ ਬਣਾ ਕੇ ਵਿਖਾਣ ਲਈ ਕੀਤੀ ਗਈ ਹੈ। ਪੁਸਤਕ ਵਿਚ ਵੀ ਇਹੋ ਢੰਗ ਖੁਲ੍ਹ ਕੇ ਦਿਸ ਆਵੇਗਾ। ਪਰ ਸੁਆਲ ਇਹ ਹੈ ਕਿ ਉਨ੍ਹਾਂ ਨੂੰ ਇਉਂ ਕਰਨ ਦਾ ਕਿਸ ਨੇ ਅਧਿਕਾਰ ਦਿਤਾ ਹੋਇਆ ਹੈ ? ਸਿਖ ਲੋਕ ਤਾਂ ਅਗੇ ਹੀ ਰਾਧਾ ਸੁਆਮੀ ਪ੍ਰਚਾਰ ਤੋਂ ਬਹੁਤ ਔਖੇ ਹਨ। ਕੀ ਹੁਣ ਉਨ੍ਹਾਂ ਦੇ ਜਜ਼ਬਾਤ ਨੂੰ ਹੋਰ ਠੀਸ ਨਹੀਂ ਪੁਜੇਗੀ ?

ਇਹ ਸਾਰਾ ਕੁਝ ਅਤੇ ਪੁਸਤਕ ਦਾ ਸਹੀ ਰੂਪ ਵੀ ਜਾਣਦਿਆਂ ਹੋਇਆਂ ਮੈਂ ਨਾਰੰਗ ਜੀ ਨਾਲ ਚਿੱਠੀ-ਪੱਤਰ ੩੧-੩-੮੧ ਨੂੰ ਇਉਂ ਅਰੰਭ ਕੀਤਾ ਸੀ :

"ਸ਼ਿੰਗਾਰੀ ਜੀ ਤੇ ਖ਼ਾਕ ਜੀ ਦੀ ਲਿਖੀ ਹੋਈ ਤੇ ਆਪ ਵਲੋਂ ਪ੍ਰਕਾਸ਼ਤ ਹੋਈ ਨਵੀਂ ਪੁਸਤਕ ਮੈਂ ਪੜ੍ਹ ਲਈ ਹੈ। ਇਸ ਸੰਬੰਧ ਵਿਚ ਮੈਂ ਆਪ ਤੋਂ, ਇਕ ਮਿਤਰ ਹੋਣ ਦੀ ਹੈਸੀਅਤ ਵਿਚ ਨਹੀਂ, ਸਗੋਂ ਪ੍ਰਕਾਸ਼ਨ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ, ਪਤਾ ਕਰਨਾ ਚਾਹੁੰਦਾ ਹਾਂ ਕਿ–

(i) ਡੇਰਾ ਇਸ ਪੁਸਤਕ ਦਾ ਨਿਰਾ ਪ੍ਰਕਾਸ਼ਕ ਹੀ ਹੈ ਜਾਂ ਇਸ ਵਿਚ ਆਈਆਂ ਸਾਰੀਆਂ ਗੱਲਾਂ ਦੀ ਪੂਰੀ ਜ਼ਿਮੇਵਾਰੀ ਵੀ ਲੈਂਦਾ ਹੈ ? ਆਪ ਧਿਆਨ ਨਾਲ ਸੁਣ ਲਓ ਜੀ, ਮੈਨੂੰ ਕਿਸੇ ਵਿਅਕਤੀ ਦੇ ਨਿਜੀ ਤੌਰ ਤੇ ਦਿਤੇ ਵਿਚਾਰਾਂ ਨਾਲ ਕੋਈ ਖ਼ਾਸ ਦਿਲਚਸਪੀ ਨਹੀਂ, ਪਰ ਸੰਸਥਾ ਦੀ ਹਾਲਤ ਵਿਚ, ਜੇ ਇਹ ਧਾਰਮਿਕ ਕਿਸਮ ਦੀ ਹੋਵੇ ਤਾਂ, ਹੋਰ ਗੱਲ ਹੋ ਜਾਂਦੀ ਹੈ।

(ii) ਕਮਜ਼ੋਰ ਸਿਹਤ ਦੇ ਬਾਵਜੂਦ ਮੇਰਾ ਰੁਝਾਣ, ਇਕ ਦਿਨ ਜਾਂ ਲੋੜ ਅਨੁਸਾਰ ਵਧ ਸਮਾਂ, ਡੇਰੇ ਦੀ ਸੰਗਤ ਨੂੰ ਸੰਬੋਧਨ ਕਰਨ ਦਾ ਹੈ ਤੇ ਮੈਂ ਆਪ ਦੇ ਪਾਸ ਹੀ ਠਹਿਰਾਂਗਾ। ਕੀ ਆਪ ਲਈ ਬਾਬਾ ਜੀ ਨੂੰ ਬੇਨਤੀ ਕਰਨੀ ਸੰਭਵ ਹੈ ਕਿ ਉਹ ਵੀ ਦਰਸ਼ਨ ਦੇਣ ਤੇ ਮੇਰੀਆਂ ਤਕਰੀਰਾਂ ਵਿਚ ਉਠਾਏ ਨੁਕਤਿਆਂ ਉਤੇ ਆਪਣੀਆਂ ਟਿਪਣੀਆਂ ਦੇਣ ? ਜੇ ਇਉਂ ਨਾ ਹੋ ਸਕਦਾ ਹੋਵੇ ਤਾਂ ਕੀ ਆਪ ਉਨ੍ਹਾਂ ਨੂੰ ਇਥੇ ਲਿਆ ਸਕਦੇ ਹੋ ? ਤਾਂ ਜੁ ਖੁਲ੍ਹੀ ਗੱਲ-ਬਾਤ ਨਾਲ ਆਪਸੀ ਪਾੜ੍ਹੇ ਮੇਲ ਦਿਤੇ ਜਾਣ, ਜੋ ਵਧੇਰੇ ਚੌੜੇ ਹੁੰਦੇ ਜਾ ਰਹੇ ਹਨ। ਏਥੇ ਬਾਬਾ ਜੀ ਨੂੰ ਪੂਰਾ ਆਦਰ ਦਿਤਾ ਜਾਵੇਗਾ।"

ਨਾਰੰਗ ਜੀ ਦਾ ਉੱਤਰ 10 ਅਪ੍ਰੈਲ 81 ਦੇ ਪੱਤਰ ਵਿਚ ਆਇਆ ਤਾਂ ਸੀ, ਪਰ ਮੇਰੀ ਕਿਸੇ ਤਰ੍ਹਾਂ ਵੀ



www.AKJ.Org

ਤਸੱਲੀ ਨਹੀਂ ਸੀ ਹੋਈ। ਪੁਸਤਕ ਦੇ ਪ੍ਰਕਾਸ਼ਕ ਹੋ ਕੇ ਵੀ ਉਹ ਇਸ ਵਿਚ ਦਿਤੀਆਂ ਸਭ ਗੱਲਾਂ ਦੀ ਪੂਰੀ ਜ਼ਿਮੇਵਾਰੀ ਨਹੀਂ ਸੀ ਲੈਂਦੇ। ਪਰ ਮੈਨੂੰ ਕਿਉਂਕਿ ਉਨ੍ਹਾਂ ਦੀ ਚਿੱਠੀ ਆਉਣ ਤੋਂ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਪ੍ਰੈਸ ਦੇ ਕਾਇਦਿਆਂ ਅਨੁਸਾਰ ਪ੍ਰਕਾਸ਼ਕ ਹਰ ਤਰ੍ਹਾਂ ਜ਼ਿਮੇਵਾਰ ਹੁੰਦਾ ਹੈ, ਇਸ ਸਵਾਲ ਉਤੇ ਕੋਈ ਬਹਿਸ ਛੇੜਨ ਦੀ ਮੈਨੂੰ ਲੋੜ ਹੀ ਨਹੀਂ ਸੀ ਰਹਿ ਗਈ। ਮੇਰੀ ਦੂਜੀ ਪੁੱਛ ਬਾਬਤ ਨਾਰੰਗ ਜੀ ਇਉਂ ਸੋਚਦੇ ਸਨ– "ਤੁਹਾਡੀ ਜਾਣਕਾਰੀ ਲਈ ਮੈਂ ਦਸ ਦਿਆਂ ਕਿ ਏਥੇ ਕਿਸੇ ਮਜ਼ਮੂਨ ਉਤੇ ਤਕਰੀਰਾਂ ਜਾਂ ਸੈਮੀਨਾਰਾਂ ਦੀ ਕੋਈ ਪਿਰਤ ਨਹੀਂ ਹੈ।" ਪਰ ਸਮੁੱਚੇ ਤੌਰ ਤੇ ਉਹ (ਨਾਰੰਗ ਜੀ) ਆਪ, ਪੁਸਤਕ ਦੇ ਲੇਖਕਾਂ ਸਮੇਤ, ਅਪਰੈਲ ਦੇ ਆਖਰੀ ਹਫਤੇ ਵਿਚ, ਕਿਸੇ ਦਿਨ ਵੀ, ਏਥੇ ਮੇਰੇ ਪਾਸ ਆਉਣ ਨੂੰ ਤਿਆਰ ਸਨ। ਮੈਂ ਇਸ ਚਿੱਠੀ ਦੇ ਉੱਤਰ ਵਿਚ, ਜੋ ਮੈਂ 14–4–81 ਨੂੰ ਲਿਖੀ ਸੀ, ਕੁਝ ਸੁਝਾਉ ਵੀ ਦਿਤੇ ਸਨ, ਖ਼ਾਸ ਕਰਕੇ ਲੇਖਕਾਂ ਦੇ ਏਥੇ ਆਉਣ ਬਾਬਤ, ਕਿਉਂਕਿ ਮੈਂ ਪੁਸਤਕ ਪੜ੍ਹ ਕੇ ਸਮਝ ਚੁੱਕਾ ਸਾਂ ਕਿ ਉਹਨਾਂ ਦਾ ਇਸ ਵਿਚਾਰ ਵਿਚ ਹਿੱਸਾ ਲੈਣਾ ਕੋਈ ਚੰਗਾ ਨਤੀਜਾ ਨਹੀਂ ਕੱਢ ਸਕੇਗਾ। ਇਸ ਤੋਂ ਛੁੱਟ ਮੈਂ ਇਸ ਗੱਲੋਂ ਵੀ ਸੰਕੋਚ ਕਰਦਾ ਸਾਂ ਕਿ ਮੈਂ ਉਨ੍ਹਾਂ ਦੇ ਮੂੰਹ ਸਾਹਮਣੇ ਹੀ ਉਹ ਬਾਤਾਂ ਆਖਾਂ ਜੋ ਮੇਰੇ ਮਨ ਵਿਚ ਸਨ ਤੇ ਜੋ ਦੂਜਿਆਂ ਨਾਲ ਵਧੇਰੇ ਆਸਾਨੀ ਨਾਲ ਕਹੀਆਂ ਜਾ ਸਕਦੀਆਂ ਸਨ। ਪਰ ਕਿਉਂਕਿ ਮੈਂ ਬੜਾ ਖਾਹਿਸ਼ਮੰਦ ਵੀ ਸਾਂ ਕਿ ਅਸੀਂ ਇਕੱਠੇ ਹੋ ਸਕੀਏ, ਮੈਂ ਸਪਸ਼ਟ ਕਰ ਦਿਤਾ ਸੀ ਕਿ ਮੇਰੇ ਸੁਝਾਉ ਕੇਵਲ ਸੁਝਾਉ ਹੀ ਸਮਝਣੇ ਚਾਹੀਦੇ ਹਨ ਤੇ ਇਨ੍ਹਾਂ ਦੇ ਕਾਰਨ ਉਹਨਾਂ ਉਤੇ ਕੋਈ ਵੀ ਪਾਬੰਦੀ ਨਹੀਂ ਹੈ ਅਤੇ ਉਹ ਬੇਸ਼ਕ ਆਪਣੀ ਪੇਸ਼ਕਸ਼ ਅਨੁਸਾਰ ਹੀ ਕੋਈ ਦੋ ਹੋਰ ਸਜਣਾਂ ਨੂੰ ਨਾਲ ਲੈ ਕੇ 26 ਅਪ੍ਰੈਲ ਐਤਵਾਰ ਨੂੰ ਦਰਸ਼ਨ ਦੇਣ। ਮੇਰੀ ਨਿਰਾਸਤਾ-ਭਰੀ ਹੈਰਾਨੀ ਦੀ ਕੋਈ ਹੱਦ ਹੀ ਨਾ ਰਹੀ ਜਦੋਂ ਉਨ੍ਹਾਂ ਨੇ ਆਪਣੇ 23 ਅਪ੍ਰੈਲ ਦੇ ਪੱਤਰ ਵਿਚ, ਜੋ ਮੈਨੂੰ 25 ਸ਼ਾਮ ਨੂੰ ਹੀ ਮਿਲਿਆ ਸੀ, ਆਪਣੀ ਪੇਸ਼ਕਸ਼ ਹੀ ਵਾਪਸ ਕਰ ਲਈ, ਜੋ ਮੇਰੇ ਖਿਆਲ ਵਿਚ ਬਾਬਾ ਸਾਹਿਬ ਨੇ ਹੀ ਉਨ੍ਹਾਂ ਤੋਂ ਕਰਾਈ ਹੋਣੀ ਹੈ। ਚਿਠੀ ਨੂੰ ਵੀ ਸ਼ਖ਼ਸੀ ਰੂਪ ਹੀ ਦਿਤਾ ਗਿਆ ਸੀ ਤੇ ਇਸ ਵਿਚ ਉਨ੍ਹਾਂ ਸਪਸ਼ਟ ਲਿਖਿਆ ਵੀ ਸੀ ਕਿ ਉਹ ਇਕੱਲੇ ਹੀ 26 ਨੂੰ ਆਉਣਗੇ ਤੇ ਮੇਰੇ ਨਾਲ ਇਕੱਲਿਆਂ ਹੀ ਗੱਲਬਾਤ ਕਰਨਗੇ। ਚੁਨਾਂਚਿ ਉਹ ਆਏ। ਉਸ ਸਮੇਂ ਮੈਂ ਇਸ ਪੁਸਤਕ ਦਾ ਜੋ ਅਜ ਆਪ ਦੇ ਹੱਥਾਂ ਵਿਚ ਹੈ, ਖਰੜਾ ਹੀ ਤਿਆਰ ਕਰ ਰਿਹਾ ਸਾਂ। ਅੱਧੇ ਦੇ ਲੱਗਪਗ ਇਹ ਖਰੜਾ ਟਾਈਪ ਹੋ ਕੇ ਮੇਰੇ ਪਾਸ ਆ ਵੀ ਚੁੱਕਾ ਸੀ ਤੇ ਇਸ ਨੂੰ ਨਾਰੰਗ ਜੀ ਦੇ ਅਗੇ ਰੱਖ ਵੀ ਦਿਤਾ ਗਿਆ ਸੀ। ਇਸ ਵਿਚ ਦਿਤੀਆਂ ਮੋਟੀਆਂ ਮੋਟੀਆਂ ਗੱਲਾਂ ਉਨ੍ਹਾਂ ਨੂੰ ਕੁਝ ਵੇਰਵੇ ਨਾਲ ਸਮਝਾ ਵੀ ਦਿਤੀਆਂ ਗਈਆਂ ਸਨ, ਪਰ ਉਨ੍ਹਾਂ ਦੀ ਸਾਰੀ ਪਹੁੰਚ ਹੀ ਹੈਰਾਨ ਕਰਨ ਵਾਲੀ ਸੀ। ਉਹ ਚੱਜ ਨਾਲ ਕਿਸੇ ਗੱਲ ਦਾ ਉੱਤਰ ਵੀ ਨਹੀਂ ਸੀ ਦਿੰਦੇ ਤੇ ਨਾ ਦੇ ਹੀ ਸਕਦੇ ਸਨ। ਪਰ ਮੇਰੇ ਲਈ ਇਹ ਇਕ ਮਾਨੋ ਬੰਬ ਦਾ ਧਮਾਕਾ ਸੀ। ਉਹ ਮੇਰੀ ਇਸ ਪੇਸ਼ਕਸ਼ ਨੂੰ ਵੀ ਪਰਵਾਨ ਨਹੀਂ ਸੀ ਕਰਦੇ ਕਿ ਖਰੜਾ ਉਹ ਆਪਣੇ ਨਾਲ ਹੀ ਲੈ ਜਾਣ ਤੇ ਬਾਬਾ ਜੀ ਨੂੰ ਵੀ ਵਿਖਾਉਣ ਤੇ ਇਸ ਉਤੇ ਵਧੇਰੇ ਜ਼ਿੰਮੇਵਾਰੀ ਨਾਲ ਵਿਚਾਰ ਕਰਨ। ਇਸ ਸਾਰੇ ਦੇ ਬਾਵਜੂਦ ਮੈਂ ਨਾਰੰਗ ਜੀ ਨਾਲ ਆਪਣਾ ਪ੍ਰੇਮ-ਪਿਆਰ ਬਣਾਈ ਰਖਣਾ ਚਾਹੁੰਦਾ ਹਾਂ। ਉਹ ਬੜੇ ਨੇਕ ਆਦਮੀ ਹਨ, ਪਰ ਉਨ੍ਹਾਂ ਦੀ ਇਕ ਮਜਬੂਰੀ ਇਹ ਵੀ ਹੈ ਕਿ ਉਹ ਰਾਧਾ ਸੁਆਮੀ ਹੋ ਗਏ ਹੋਏ ਹਨ ਤੇ ਬਾਬਾ ਚਰਨ ਸਿੰਘ ਦੀ ਅਗਵਾਈ ਤੇ ਤਾਬੇਦਾਰੀ ਪ੍ਰਵਾਨ ਕਰ ਚੁੱਕੇ ਹੋਏ ਹਨ। ਉਨ੍ਹਾਂ ਤੋਂ ਹੀ ਉਹ ਉਨ੍ਹਾਂ ਦੀ ਆਪਣੀ ਭਾਂਤ ਦਾ ਨਾਮ-ਦਾਨ ਲੈ ਚੁੱਕੇ ਹੋਏ ਹਨ ਤੇ ਉਨ੍ਹਾਂ ਦਾ ਹੀ ਧਿਆਨ ਧਰਦੇ ਹਨ। ਇਸ ਤੋਂ ਇਹ ਸਿੱਟਾ ਕਢਣਾ ਕੋਈ ਗ਼ੈਰ-ਵਾਜਬ ਬਾਤ ਨਹੀਂ ਕਿ ਉਹ ਬਾਬਾ ਜੀ ਦੀ ਇੱਛਾ ਮੁਤਾਬਿਕ ਹੀ ਚਲਦੇ ਹਨ।

ਖ਼ੈਰ, ਸਿਖ ਜਗਤ ਦੀ ਰਾਧਾ ਸੁਆਮੀਆਂ ਵਾਲੀ ਸਮੱਸਿਆ ਵਧੇਰੇ ਦੁਖਦਾਈ ਸ਼ਕਲ ਲੈ ਚੁੱਕੀ ਹੈ। ਮੈਂ ਇਸ ਕਿਸਮ ਦੀਆਂ ਸੰਭਾਵਨਾਵਾਂ ਨੂੰ ਮੁਖ ਰੱਖ ਕੇ ਹੀ ਸਿਖ-ਜਗਤ ਨੂੰ ਪਿਛਲੇ ਕਿਤਾਬਚੇ ਵਿਚ ਖ਼ਬਰਦਾਰ ਕੀਤਾ ਸੀ। ਹੁਣ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਸਿੱਖ ਜਥੇਬੰਦੀਆਂ ਨੂੰ ਇਸ ਸਵਾਲ ਉਤੇ ਇਕ-ਮੁੱਠ ਹੋ ਕੇ


www.AKJ.Org

ਵਿਚਾਰ ਕਰਨੀ ਤੇ ਸਿਖ ਕੌਮ ਨੂੰ ਅਗਵਾਈ ਦੇਣੀ ਚਾਹੀਦੀ ਹੈ, ਕਿਉਂਕਿ ਇਸ ਕਿਸਮ ਦਾ ਅਨਿਆਇ, ਜੋ ਇਸ ਸਮੇਂ ਹੋ ਰਿਹਾ ਹੈ, ਬਰਦਾਸ਼ਤ ਕਰੀ ਜਾਣ ਦੀ ਵੀ ਕੋਈ ਹੱਦ ਹੀ ਹੁੰਦੀ ਹੈ। ਭਾਰਤ ਸਰਕਾਰ ਤੇ ਪੰਜਾਬ ਦੀ ਰਾਜ ਸਰਕਾਰ ਤੱਕ ਸਿਖ ਡੈਪੂਟੇਸ਼ਨ ਜਾ ਸਕਦੇ ਹਨ; ਕਾਨੂੰਨ ਦਾ ਸਹਾਰਾ ਲਿਆ ਜਾ ਸਕਦਾ ਹੈ। ਸਿਖਾਂ ਨਾਲ ਹੋ ਰਿਹਾ ਅਨਿਆਇ ਨਿਆਇਕਾਰੀ ਦੁਨੀਆ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ ਤੇ ਸੂਝਵਾਨ ਰਾਧਾ ਸੁਆਮੀਆਂ ਦੀ ਸੁਰਤ ਨੂੰ ਵੀ ਹਲੂਣਾ ਦਿਤਾ ਜਾ ਸਕਦਾ ਹੈ। ਆਖ਼ਰਕਾਰ ਰਾਧਾਂ ਸੁਆਮੀ ਮੱਤਿ ਦੇ ਆਪਣੇ ਪੈਰ ਠੋਸ ਰੂਪ ਵਿਚ ਕੋਈ ਵੀ ਨਹੀਂ ਹਨ। 'ਸੁਰਤਿ-ਸ਼ਬਦ ਯੋਗ' ਜੋ ਰਾਧਾ ਸੁਆਮੀਆਂ ਦਾ ਸਾਰ ਹੈ, ਕੋਈ ਨਵਾਂ ਮਾਰਗ ਨਹੀਂ ਹੈ। ਇਸ ਦਾ ਆਰੰਭ ਜੋਗੀਆਂ ਤੋਂ ਹੀ ਹੋਇਆ ਸੀ ਤੇ ਅਸੀਂ ਹੁਣੇ ਹੀ ਵੇਖ ਸਕਾਂਗੇ ਕਿ ਜੋਗ-ਮਾਰਗ ਅਤੇ ਇਸ ਮਾਰਗ ਦੇ ਬਾਨੀ ਪਾਤੰਜਲੀ ਜੀ ਦੀ ਬਾਬਤ ਗੁਰੂ-ਘਰ ਦੀ ਕੀ ਪੁਜ਼ੀਸ਼ਨ ਸੀ ਤੇ ਇਸ ਤੋਂ ਇਹ ਸਿੱਟਾ ਵੀ ਕੱਢ ਸਕਾਂਗੇ ਕਿ ਰਾਧਾ ਸੁਆਮੀਆਂ ਨਾਲ ਸਾਡੇ ਸਪਸ਼ਟ ਮਤ-ਭੇਦ ਕੀ ਹਨ, ਕਿਥੇ ਕਿਥੇ ਹਨ ਤੇ ਕਿਵੇਂ ਦੂਰ ਕੀਤੇ ਜਾ ਸਕਦੇ ਹਨ। ਛੋਟੇ ਮੋਟੇ ਫ਼ਰਕਾਂ ਨੂੰ ਛਡਿਆ ਵੀ ਜਾ ਸਕਦਾ ਹੈ, ਆਪਸੀ ਮੇਲ ਮਿਲਾਪ ਦੀ ਖ਼ਾਤਰ, ਪਰ ਬੁਨਿਆਦੀ ਫ਼ਰਕਾਂ ਨੂੰ ਛੱਡਣਾ ਸੰਭਵ ਹੀ ਨਹੀਂ ਹੁੰਦਾ। ਹੁਣ ਤਾਂ ਸਗੋਂ ਸਮਾਂ ਐਸਾ ਆ ਗਿਆ ਹੈ, ਜਦੋਂ ਸੱਚ ਨਿਧੜਕ ਹੋ ਕੇ ਕਹਿਣਾ ਧਰਮ ਹੋ ਗਿਆ ਹੈ, ਭਾਵੇਂ ਇਹ ਕੌੜਾ ਵੀ ਹੋ ਕੇ ਦਿਸੇ :

"ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥" (ਤਿਲੰਗ ਮਹਲਾ ੧)

ਕਿਉਂਕਿ ਸਚ ਨੇ ਹੀ ਕੂੜ, ਅਧਰਮ, ਪਾਪ ਨਸ਼ਟ ਕਰਨਾ ਹੁੰਦਾ ਹੈ :

'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥' (ਆਸਾ ਮਹਲਾ ੧)

ਗੁਰੂ ਨਾਨਕ ਦੇਵ ਜੀ ਹੋਕਾ ਦੇਂਦੇ ਹਨ ਕਿ ਸਫ਼ਲ ਜੀਵਨ, ਸੱਚ ਵਿਚ ਰਹਿ ਕੇ ਹੀ ਚਲ ਸਕਦਾ ਹੈ, ਨਹੀਂ ਤਾਂ ਨਸ਼ਟ ਹੋ ਜਾਂਦਾ ਹੈ : 'ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ ॥' (ਰਾਮਕਲੀ ਮਹਲਾ ੧)

ਅਰਥਾਤ, ਹੇ ਨਾਨਕ, ਕੂੜ ਦਾ ਜੀਵਨ ਨਸ਼ਟ ਹੋ ਜਾਇਗਾ, ਆਖ਼ਰਕਾਰ ਸੱਚ ਵਿਚ ਹੀ ਰਹਿ ਸਕੀਦਾ ਹੈ, (ਫਲ ਫੂਲ ਸਕੀਦਾ ਹੈ)।

---

# ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਪ੍ਰਚਾਰਨ ਹਿਤ ਵਜ਼ੀਫ਼ੇ

ਅਖੰਡ ਕੀਰਤਨੀ ਜਥੇ ਵਲੋਂ ਤੱਤ ਗੁਰਮਤਿ ਦੇ ਪਰਚਾਰ ਲਈ ਸਕੂਲਾਂ ਕਾਲਜਾਂ ਦੇ ਬੱਚਿਆਂ ਤੇ ਬੱਚੀਆਂ ਲਈ "ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ" ਸਕੀਮ ਚਾਲੂ ਕੀਤੀ ਗਈ ਹੈ। ਇਸ ਸਕੀਮ ਅਨੁਸਾਰ ਅਠਵੀਂ ਦੇ ਬੱਚਿਆਂ ਤੋਂ ਲੈ ਕੇ ਐਮ. ਏ. ਤਕ ਦੇ ਸਿਖ ਵਿਦਿਆਰਥੀਆਂ ਲਈ ਗੁਰਬਾਣੀ ਅਤੇ ਖਾਲਸਾ ਰਹਿਤ ਦ੍ਰਿੜ੍ਹ ਕਰਾਉਣ ਲਈ ਹਰ ਸਾਲ ਬਾਰ੍ਹਾਂ ਸਕਾਲਰਸ਼ਿਪ (ਵਜ਼ੀਫ਼ੇ) ੫੦/–, ੮੦/–ਅਤੇ ੧੦੦/–ਮਹੀਨੇ ਦੇ ਦੇਣੇ ਨੀਯਤ ਕੀਤੇ ਗਏ ਹਨ।

ਕਾਲਜਾਂ ਸਕੂਲਾਂ ਦੇ ਗੁਰਸਿਖ ਬੱਚੇ ਬੱਚੀਆਂ ਇਸ ਸਕੀਮ ਦੇ ਫ਼ਾਰਮ ਅਤੇ ਨਿਯਮ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਉਣ–

ਮਾ: ਹਰਬੰਸ ਸਿੰਘ ਜੀ, ਕੋ-ਔਪਟਿਡ ਮੈਂਬਰ, ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਬੋਰਡ (ਅਖੰਡ ਕੀਰਤਨੀ ਜਥਾ), ਮਾਰਫ਼ਤ ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ-੬

---

## ਫਰੀਦਕੋਟ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ

ਭਾਈ ਇੰਦਰਜੀਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦਵਾਰਾ ਬਾਬਾ ਫਰੀਦ ਜੀ ਫਰੀਦਕੋਟ ਵਿਚ 15 ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।



www.AKJ.Org

# ਸਿਖ ਧਰਮ ਵਿਚ ਤਲਵਾਰ ਦਾ ਕੀ ਅਸਥਾਨ ਹੈ ?

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਕੋਈ ਧਰਮ ਵੀ ਜੀਵਤ ਨਹੀਂ ਰਹਿ ਸਕਦਾ ਜਦ ਤਕ ਕਿ ਉਹ ਆਪਣੀ ਰੱਖਿਆ ਆਪ ਨਾ ਕਰ ਸਕਦਾ ਹੋਵੇ। ਸਿੱਖ ਧਰਮ ਦਾ ਜਨਮ ਵੈਰ-ਵਿਰੋਧ ਦੇ ਵਾਤਾਵਰਣ ਵਿਚ ਹੋਇਆ ਅਤੇ ਸਿੱਖਾਂ ਨੂੰ ਅਨੇਕਾਂ ਤਸੀਹੇ ਸਹਿਣੇ ਪਏ। ਨਿਤ ਦੇ ਜੀਵਨ ਦੀ ਜਾਚ ਸਿਖਾਉਣ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਣੇ ਧਰਮ ਵਿਚ ਪਰਪੱਕ ਰਹਿਣ ਲਈ ਸ਼ਕਤੀ ਵੀ ਦਿਤੀ। ਤਾਹੀਓਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਧਾਰਨ ਕੀਤੀਆਂ : ਇਕ ਪੀਰੀ ਦੀ ਤੇ ਦੂਜੀ। ਮੀਰੀ ਦੀ ਇਕ ਸੀ ਆਤਮਕ ਅਗਵਾਈ ਲਈ ਤੇ ਦੂਜੀ ਸੀ ਸੰਸਾਰਕ ਸ਼ਕਤੀ ਦੀ ਖਾਤਰ। ਮੁਗ਼ਲ ਹਕੂਮਤ ਨੂੰ ਵੰਗਾਰਨ ਵਾਲੇ ਆਪ ਪਹਿਲੇ ਗੁਰੂ ਸਨ। ਆਪ ਨੇ ਜ਼ਾਲਮ ਤੇ ਭ੍ਰਸ਼ਟ ਰਾਜ ਦੇ ਵਿਰੁਧ ਯੁਧ ਕੀਤਾ। ਆਪ ਦੇ ਨੇਮ-ਬੱਧ ਤੇ ਤਿਆਰ-ਬਰ-ਤਿਆਰ ਸਿਪਾਹੀਆਂ ਨੇ ਮੁਗ਼ਲ ਫ਼ੌਜਾਂ ਨੂੰ ਤਿੰਨ ਲੜਾਈਆਂ ਵਿਚ ਹਰਾਇਆ। ਗੁਰੂ ਹਰਿਗੋਬਿੰਦ ਸਾਹਿਬ ਨੇ ਸੁਰੱਖਿਆ ਤੇ ਇਨਸਾਫ਼ ਲਈ ਹੀ ਸ਼ਸਤਰਾਂ ਦੀ ਰੀਤ ਨੂੰ ਪਰਚਲਤ ਕੀਤਾ।

ਅਜਿਹੇ ਹਾਲਾਤ ਵਿਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਬਾਦਸ਼ਾਹ ਦੇ ਵਿਰੁਧ ਤਲਵਾਰ ਚੁੱਕੀ। ਉਨ੍ਹਾਂ ਨੇ ਸੁਰੱਖਿਅਤ ਰਹਿਣ ਲਈ ਸ਼ਕਤੀ ਦੀ ਵਰਤੋਂ ਨੂੰ ਜਾਇਜ਼ ਸਿੱਧ ਕੀਤਾ। ਆਪ ਨੇ ਜ਼ਫਰਨਾਮੇ ਵਿਚ ਫੁਰਮਾਇਆ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।

ਜਦੋਂ ਭਲਿਆਈ ਤੇ ਕੁਰਬਾਨੀ ਦੁਆਰਾ ਵੀ ਉਪਦੇਸ਼ ਦੀ ਪੂਰਤੀ ਨਾ ਹੋਵੇ ਤਾਂ ਲੋਹੇ ਨਾਲ ਲੋਹਾ ਲੈਣਾ ਹੀ ਪੈਂਦਾ ਹੈ। ਨਿਰਸੰਦੇਹ ਕੁਝ ਕੁ ਹਾਲਾਤ ਵਿਚ ਅਹਿੰਸਾ ਤੇ ਅਮਲ ਨਹੀਂ ਕੀਤਾ ਜਾ ਸਕਦਾ।

ਅੱਜ ਦੇ ਪਰਮਾਣੂ ਯੁਗ ਵਿਚ ਤਲਵਾਰ ਜਾਂ ਕਿਰਪਾਨ ਦੇ ਧਾਰਨ ਕਰਨ ਨੂੰ ਸ਼ਾਇਦ ਸ਼ੰਕੇ ਦੀ ਦ੍ਰਿਸ਼ਟੀ ਨਾਲ ਤਕਿਆ ਜਾਵੇ। ਬੀਤੇ ਸਮੇਂ ਵਾਂਗ ਹੀ ਅੱਜ ਵੀ ਸੰਸਾਰ ਵਿਚ ਇਹ ਸ਼ਕਤੀ ਦਾ ਚਿੰਨ੍ਹ ਜਾਣਿਆ ਜਾਂਦਾ ਹੈ। ਸੰਸਾਰ ਦੀਆਂ ਲਗ ਪਗ ਸਾਰੀਆਂ ਫ਼ੌਜਾਂ ਰਸਮੀ ਮੌਕਿਆਂ ਤੇ ਤਲਵਾਰ ਪਹਿਨਦੀਆਂ ਹਨ। ਇਸ ਨੂੰ ਧਾਰਨ ਕਰਨ ਨਾਲ ਮਨੁਖ ਦਾ ਆਪਣੇ ਆਪ ਤੇ ਵਿਸ਼ਵਾਸ ਦ੍ਰਿੜ੍ਹ ਹੁੰਦਾ ਹੈ ਅਤੇ ਸ੍ਵੈ-ਭਰੋਸਾ ਵਧ ਜਾਂਦਾ ਹੈ। ਮਹਾਤਮਾ ਗਾਂਧੀ ਜੀ ਨੇ ਵੀ ਕਿਸੇ ਉਚ ਮੰਤਵ ਲਈ ਹਿੰਸਾ ਦੀ ਵਰਤੋਂ ਨੂੰ ਜਾਇਜ਼ ਕਿਹਾ ਹੈ। ਸਿੱਖ ਦੀ ਤਲਵਾਰ ਸ੍ਵੈਮਾਨ, ਚੜ੍ਹਦੀ ਕਲਾ ਤੇ ਸੁੰਤਤਰਤਾ ਦਾ ਚਿੰਨ੍ਹ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸੰਤ ਪੁਰਸ਼ਾਂ ਅਤੇ ਲਿਤਾੜੇ ਹੋਇਆਂ ਦੀ ਰਖਿਅਕ ਦੇ ਤੌਰ ਤੇ ਸਨਮਾਨਿਆ। ਆਪ ਨੇ ਆਖਿਆ :

ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸ ਸਰਣੰ ॥੨॥

ਬਚਿਤਰ ਨਾਟਕ, ਅਧਿ : ੧

ਕਿਰਪਾਨ ਖਾਲਸੇ ਦੇ ਜ਼ਰੂਰੀ ਚਿੰਨ੍ਹਾਂ ਵਿਚੋਂ ਇਕ ਹੈ। ਕਮਜ਼ੋਰਾਂ ਦੀ ਰੱਖਿਆ ਲਈ ਤੇ ਸੱਚੇ ਉਦੇਸ਼ ਖਾਤਰ ਕੁਰਬਾਨੀ ਕਰਨ ਵਾਸਤੇ ਆਪਣੇ ਨਿਆਰੇ ਸਰੂਪ ਵਿਚ ਖਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਰੂਪ ਵਿਚ ਪਰਤੱਖ ਤੋਰ ਤੇ ਵਿਖਾ ਦਿੱਤਾ ਕਿ ਤਲਵਾਰ ਤੇ ਅਧਿਆਤਮਕਤਾ ਇਕੱਠੇ ਰਹਿ ਸਕਦੇ ਹਨ, ਭਗਤੀ ਤੇ ਸ਼ਕਤੀ ਨਾਲ ਨਾਲ ਤੁਰ ਸਕਦੀਆਂ ਹਨ। ਨੇਕੀ ਨੂੰ ਕਾਇਮ ਰਖਣ ਤੇ ਪ੍ਰਭਾਵਸ਼ਾਲੀ ਬਣਾਉਣ ਦੇ ਸਾਧਨਾਂ ਤੋਂ ਬਗ਼ੈਰ, ਨੇਕੀ ਕਾਇਮ ਨਹੀਂ ਰਹਿ ਸਕਦੀ। ਇਸ ਲਈ, ਇਹ ਕਹਿਣਾ ਠੀਕ ਹੈ ਕਿ ਸਿੱਖ ਇਤਿਹਾਸ ਤੇ ਸਿੱਖ-ਫ਼ਲਸਫ਼ੇ ਵਿਚ ਕਿਰਪਾਨ ਅਥਵਾ ਤਲਵਾਰ ਦਾ ਇਕ ਬੜਾ ਮਹੱਤਵਪੂਰਨ ਅਸਥਾਨ ਹੈ।



www.AKJ.Org

ਪੰਜਾਬ ਭਰ ਦੇ ਧਰਮ ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਕਥਾ-ਵਾਚਕਾਂ, ਤੇ ਲੀਡਰਾਂ ਨੂੰ

# ਦਰਦ ਭਰੀ ਅਪੀਲ

ਅਸੀਂ ਰੋਜ਼ ਹੀ ਅਖਬਾਰਾਂ ਵਿਚ ਪੜ੍ਹਦੇ ਹੈ, ਤੇ ਸੁਣਦੇ ਹਾਂ ਕਿ ਸਾਡੇ ਕੁਝ ਉਘੇ ਸੰਤ ਮਹਾਤਮਾ, ਧਰਮ ਪ੍ਰਚਾਰਕ, ਰਾਗੀ ਢਾਡੀ ਜਥੇ, ਪ੍ਰਚਾਰਕ ਤੇ ਲੀਡਰ ਧਰਮ ਪ੍ਰਚਾਰ ਕਰਨ ਲਈ ਵਿਦੇਸ਼ਾਂ ਵਿਚ, ਜਿਵੇਂ ਕਿ ਇੰਗਲੈਂਡ, ਅਮਰੀਕਾ, ਕਨੇਡਾ, ਸਿੰਘਾਪੁਰ, ਮਲਾਇਆ, ਥਾਈਲੈਂਡ ਆਦਿ ਦੇਸ਼ਾਂ ਵਿਚ ਜਾਂਦੇ ਹਨ। ਅਤੇ ਉਹ ਕਈ ਵਖੋ ਵਖਰੀਆਂ ਥਾਵਾਂ ਤੇ ਧਰਮ ਪ੍ਰਚਾਰ ਕਰਦੇ ਹਨ।

ਪਰ ਸਾਨੂੰ ਅਫਸੋਸ ਹੈ ਕਿ ਪੰਜਾਬ ਵਿਚ ਹਜ਼ਾਰਾਂ ਸਿਖ ਨੌਜਵਾਨ ਆਪਣੇ ਸੋਹਣੇ ਦਾੜ੍ਹੇ ਕੇਸ ਕਤਲ ਕਰਵਾ ਕੇ ਗੁਰੂ ਨੂੰ ਬੇਦਾਵਾ ਦੇ ਰਹੇ ਹਨ। ਕਾਲਜਾਂ, ਸਰਕਾਰੀ ਦਫਤਰਾਂ, ਖਾਸ ਕਰਕੇ ਬੱਸ ਡਰਾਈਵਰਾਂ,ਪੁਲਿਸ ਕਰਮਚਾਰੀਆਂ, ਅਤੇ ਮਿਲਟਰੀ ਦੇ ਫੌਜੀ ਨੌਜਵਾਨਾਂ ਵਿਚ ਕੋਈ ਕੋਈ ਹੀ ਸਾਬਤ ਸੂਰਤ ਸਿੰਘ ਨਜ਼ਰ ਆਉਂਦਾ ਹੈ। ਬਜ਼ਾਰਾਂ ਵਿਚ ਆਮ ਲੋਕ ਪੱਤਤ ਦੇਖੇ ਜਾ ਸਕਦੇ ਹਨ। ਉਹਨਾਂ ਨੇ ਸਿਰ ਉਤੇ ਸੋਹਣੀ ਦਸਤਾਰ ਸਜਾਈ ਹੁੰਦੀ ਹੈ, ਪਰ ਮੂੰਹ ਵਿਚ ਬੀੜੀਆਂ ਸਿਗਰਟਾਂ, ਪਾਨ ਜਾਂ ਜ਼ਰਦਾ ਆਦਿ ਹੁੰਦਾ ਹੈ।

ਪੰਜਾਬ ਦੇ ਪਿੰਡਾਂ ਵਿਚ ਤਾਂ ਕਾਫੀ ਤਦਾਦ ਵਿਚ ਪੱਤਤ ਅਤੇ ਸ਼ਰਾਬੀ ਲੋਕ ਮਿਲਦੇ ਹਨ ਅਤੇ ਹਜ਼ਾਰਾਂ ਨੌਜਵਾਨ ਕਹਿੰਦੇ ਹਨ ਕਿ ਉਹਨਾਂ ਨੂੰ ਪਤਾ ਹੀ ਨਹੀਂ ਕਿ ਸਿਖ ਧਰਮ ਵਿਚ ਸ਼ਰਾਬ ਪੀਣਾ, ਦਾੜ੍ਹੀ ਕਟਾਉਣੀ ਮਨ੍ਹਾ ਹੈ। ਇਹ ਸਾਰੀ ਘਾਟ ਪੰਜਾਬ ਵਿਚ ਧਰਮ ਪ੍ਰਚਾਰ ਦੀ ਹੈ। ਪ੍ਰਚਾਰ ਨਾ ਹੋਣ ਦੇ ਬਰਾਬਰ ਹੈ।

ਅਸੀਂ ਸਾਰੇ ਪੰਥ-ਦਰਦੀਆਂ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਦੇ ਸਿਖ ਨੌਜਵਾਨਾਂ ਤੇ ਤਰਸ ਕਰੋ, ਅਤੇ ਸਿਖ ਧਰਮ ਦਾ ਪ੍ਰਚਾਰ ਸਹੀ ਅਰਥਾਂ ਵਿਚ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਨਿਹੰਗ ਸਿੰਘਾਂ ਦੇ ਮੁਖੀ ਜ਼ਥੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਪਿੰਡਾਂ, ਸ਼ਹਿਰਾਂ, ਬਸ ਸਟੈਂਡਾਂ, ਰੇਲਵੇ ਸਟੇਸ਼ਨਾਂ, ਬਜ਼ਾਰਾਂ ਅਤੇ ਹੋਰ ਜ਼ਰੂਰੀ ਪਬਲਿਕ ਥਾਵਾਂ ਤੇ ਜਾਂ ਮੇਲਿਆਂ ਤੇ ਜਾ ਕੇ ਪੰਜ ਪੰਜ ਨਿਹੰਗ ਸਿੰਘਾਂ ਦੇ ਜਥੇ ਬਣਾ ਕੇ ਲੋਕਾਂ ਨੂੰ ਨਿਮਰਤਾ ਸਹਿਤ ਹਥ ਜੋੜ ਕੇ ਅਪੀਲ ਕਰਨ ਕਿ ਉਹ ਸ਼ਰਾਬ ਪੀਣਾ, ਤਮਾਕੂ ਪੀਣਾ, ਪਾਨ, ਬੀੜੀ, ਸਿਗਰਟ ਆਦਿ ਵਰਤਣਾ ਅਤੇ ਹੋਰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਨਾ ਅਤੇ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨਾ ਆਦਿ ਕੁਰੀਤੀਆਂ ਨੂੰ ਛਡ ਦੇਣ। ਅਤੇ ਪੂਰਨ ਰਹਿਤ ਰਖ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਪਾਪਾਂ ਦੇ ਭਾਗੀ ਨਾ ਬਣਨ।

ਦਿਲੀ, ਯੂ. ਪੀ, ਬਿਹਾਰ, ਮਹਾਰਾਸ਼ਟਰ, ਰਾਜਸਥਾਨ, ਗੁਜਰਾਤ, ਹਿਮਾਚਲ ਪ੍ਰਦੇਸ਼ ਆਦਿ ਆਦਿ ਵਿਚ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਵਾਲੇ ਘਟ ਹੀ ਮਿਲਦੇ ਹਨ। ਉਥੋਂ ਦੇ ਸਿੰਘ ਪੂਰਨ ਗੁਰਸਿਖੀ ਸਰੂਪ ਵਿਚ ਹਨ, ਪਰ ਪੰਜਾਬ ਦੇ ਪਿੰਡਾਂ ਵਿਚ ਸਾਬਤ ਸੂਰਤ ਸਿੰਘ ਲਭਣਾ ਬਹੁਤ ਮੁਸ਼ਕਲ ਹੈ।

ਅਸੀਂ ਸ਼ਰੋਮਣੀ ਕਮੇਟੀ, ਸ਼ਰੋਮਣੀ ਅਕਾਲੀ ਦਲ, ਅਤੇ ਪੰਜਾਬ ਦੀਆਂ ਸਾਰੀਆਂ ਜਥੇਬੰਦੀਆਂ, ਸਿੰਘ ਸਭਾਵਾਂ, ਸੁਸਾਇਟੀਆਂ, ਪ੍ਰਚਾਰਕ ਜਥਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਪੰਜਾਬੀ ਸਿੰਘਾਂ ਤੇ ਤਰਸ ਕਰਨ ਅਤੇ ਬਾਹਰਲੇ ਮੁਲਕਾਂ ਵਲ ਭਜਣ ਦੀ ਥਾਂ ਆਪਣਾ ਫ਼ਰਜ਼ ਈਮਾਨਦਾਰੀ ਨਾਲ ਪੂਰਾ ਕਰਨ ਅਤੇ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਗੁਰੂ ਪੰਥ ਦਾ ਦਾਸ–ਪ੍ਰਧਾਨ, ਗੁਰੂ ਗੋਬਿੰਦ ਸਿੰਘ ਸੇਵਕ ਜਥਾ, ਸਿਵਲ ਲਾਈਨ, ਲੁਧਿਆਣਾ।

---

**ਪਿੰਡ ਸ਼ੰਕਰਪੁਰਾ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ**
**੯ ਮਈ ਨੂੰ ਨਹੀਂ ਹਨ, ਸਗੋਂ ੧ ਮਈ ਸ਼ਨੀਵਾਰਨੂੰ ਹੋ ਰਹੇ ਹਨ।**



www.AKJ.Org

# ਜਿਨਿ ਤੁਮ ਭੇਜੇ ਤਿਨਹਿ ਬੁਲਾਏ

ਸਿਰਜਨਹਾਰ ਪ੍ਰਭੂ ਦੇ ਅਸਚਰਜ ਕੌਤਕ ਹਨ। ਉਸ ਦੀ ਗਹਿਣਗਤਿ ਕੌਣ ਪਾ ਸਕਦਾ ਹੈ। ਅਕਾਲ ਪੁਰਖ ਪ੍ਰਭੂ ਆਪਣੇ ਸੇਵਕਾਂ ਨੂੰ ਇਤਨੇ ਵੱਡੇ ਪਰਚੇ ਪਾਉਂਦਾ ਹੈ ਕਿ ਉਨ੍ਹਾਂ ਵਿਚ ਕਾਇਮ ਰਹਿਣਾ ਅਸੰਭਵ ਨਹੀਂ ਤਾਂ ਅਤਿ ਕਠਨ ਜ਼ਰੂਰ ਹੈ। "ਸਾਂਗੈ ਅੰਦਰ ਸਾਬਤੇ ਸੇ ਵਿਰਲੇ ਬੰਦੇ ॥"

ਭਾਈ ਸਾਹਿਬ ਸੂਰਤ ਸਿੰਘ ਜੀ (ਪੂਰਨ ਜੀ) ਤੇ ਭੈਣ ਭੂਪਿੰਦਰ ਕੌਰ ਜੀ ਗੁਰਮਤੀ ਜੀਵਨ ਵਾਲੇ ਵਿਅਕਤੀ ਹਨ। ਗੁਰਬਾਣੀ ਦੇ ਨਿਸ਼ਕਾਮ ਕੀਰਤਨ ਅਤੇ ਅਮਲੀ ਜੀਵਨ ਕਰਕੇ ਦਿਲੀ, ਬੰਬਈ, ਕਲਕਤੇ ਅਤੇ ਬਰੇਲੀ ਆਦਿ ਸ਼ਹਿਰਾਂ ਵਿਚ ਰਹਿਦੇ ਹੋਇਆਂ ਸਿਖ ਸੰਗਤਾਂ ਵਿਚ ਸਤਿਕਾਰੇ ਜਾਂਦੇ ਹਨ। ਇਸ ਗੁਰਮੁਖ ਜੋੜੇ ਨੂੰ ਗੁਰੂ ਪਾਤਸ਼ਾਹ ਨੇ ਦੋ ਲਾਲ ਬਖ਼ਸ਼ੇ, ਜਿਨ੍ਹਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮੌਜੂਦਗੀ ਵਿਚ ਅੰਮ੍ਰਿਤ ਪਾਨ ਕੀਤਾ। ਪੋਹ ਸੁਦੀ ੧੯੫੮ ਦੇ ਗੁਰਪੁਰਬ ਸਮੇਂ ਬੱਚੇ ਵਰਿੰਦਰ ਸਿੰਘ ਨੂੰ ਭਾਈ ਸਾਹਿਬ ਜੀ ਨੇ ਪਿਆਰ-ਲੋਰੀ ਬਖ਼ਸ਼ਦਿਆਂ "ਛੋਟਾ ਪੂਰਨ" ਕਹਿ ਕੇ ਅਸੀਸ ਦਿਤੀ ਸੀ।

ਦੋਵੇਂ ਬੱਚੇ ਬਚਪਨ ਤੋਂ ਮਾਤਾ ਪਿਤਾ ਦੇ ਸੰਗ ਸਾਥ ਕੀਰਤਨ ਸਮਾਗਮਾਂ ਵਿਚ ਵਿਚਰਦੇ ਰਹੇ ਅਤੇ ਛੋਟੀ ਉਮਰ ਤੋਂ ਤਬਲੇ ਦੀ ਸੇਵਾ ਅਰੰਭ ਕਰ ਦਿਤੀ। ਛੇਤੀ ਹੀ ਵਾਜੇ ਨਾਲ ਕੀਰਤਨ ਕਰਨਾ ਅਰੰਭ ਦਿਤਾ। ਆਪਣੇ ਨਾਲ ਹੋਰ ਅਨੇਕਾਂ ਨੌਜਵਾਨਾਂ ਨੂੰ ਪ੍ਰੀਤੀ-ਪ੍ਰੇਰਨਾ ਕਰ ਕੇ, ਕੀਰਤਨ ਸਿਖਾਏ ਅਤੇ ਗੁਰੂ ਵਾਲੇ ਬਣਾਏ। ਕਾਕਾ ਵਰਿੰਦਰ ਸਿੰਘ ਕਲਕਤਾ ਸਿਖ ਸਟੂਡੈਂਟ ਫ਼ੈਡਰੇਸ਼ਨ ਵਿਚ ਗੁਰਬਾਣੀ ਸੈਕਸ਼ਨ ਦਾ ਇਨਚਾਰਜ ਰਿਹਾ ਅਤੇ ਕਈ ਇਨਾਮ, ਮਾਨ ਪੱਤਰ ਤੇ ਸਿਰੋਪਾ ਸਿਖ ਸੰਗਤਾਂ ਵਲੋਂ ਇਨ੍ਹਾਂ ਨੂੰ ਬਖ਼ਸ਼ਸ਼ ਕੀਤੇ ਗਏ। ਬਰੇਲੀ ਵਿਚ ਪੁਜ ਕੇ ਇਨ੍ਹਾਂ ਨੇ 'ਨੌਜਵਾਨ ਅਖੰਡ ਕੀਰਤਨੀ ਜਥਾ' ਸਥਾਪਤ ਕੀਤਾ। ੧੯੭੯ ਪੋਹ ਸੁਦੀ ਸਪਤਮੀ ਸਮੇਂ ਇਨ੍ਹਾਂ ਨੌਜਵਾਨ ਬੱਚਿਆਂ ਦੀ ਅਗਵਾਈ ਵਿਚ ਇਕ ਵਿਸ਼ਾਲ ਨਗਰ-ਕੀਰਤਨ-ਜਲੂਸ ਰਾਤ ਦੇ ਇਕ ਵਜੇ ਤੋਂ ਸਵੇਰ ਦੇ ਅਠ ਵਜੇ ਤਕ ਨਿਕਲਿਆ, ਜਿਸ ਵਿਚ ਹਜ਼ਾਰਾਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਬਰੇਲੀ, ਕਾਨਪੁਰ ਅਤੇ ਦਿਲੀ ਆਦਿ ਸ਼ਹਿਰਾਂ ਵਿਚ ਕੀਰਤਨ ਦੀ ਸੇਵਾ ਕਰਕੇ ਸਿਖ ਸੰਗਤਾਂ ਇਨ੍ਹਾਂ ਨੌਨਿਹਾਲਾਂ ਨੂੰ ਪਿਆਰ ਕਰਦੀਆਂ। ਫ਼ਰੀਦਾਬਾਦ ਵਿਚ ਮਈ ੧੯੮੧ ਵਿਚ ਨਵਾਂ ਕਾਰਖਾਨਾ ਚਾਲੂ ਕਰਨ ਲਈ ਇਹ ਪੁਜੇ। ਇਥੇ ਵੀ ਥੋੜੇ ਸਮੇਂ ਵਿਚ ਹੀ ਸਿਖ ਸੰਗਤਾਂ ਦੇ ਪਿਆਰ ਦੇ ਪਾਤਰ ਬਣਦੇ ਗਏ। ਇਥੇ ੩ ਅਪ੍ਰੈਲ ਨੂੰ ਰੈਣ ਸਬਾਈ ਅਤੇ ੫ ਅਪ੍ਰੈਲ ਤੂੰ ਹਫ਼ਤੇਵਾਰ ਕੀਰਤਨਾਂ ਵਿਚ ਹਾਜ਼ਰੀਆਂ ਭਰੀਆਂ। ਆਖ਼ਰੀ ਕੀਰਤਨ ੮ ਅਪ੍ਰੈਲ ਨੂੰ ਕਰਦਿਆਂ ਇਹ ਨੌਜਵਾਨ ਬੱਚੇ ਕੂਕ ਰਹੇ ਸਨ–

"ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥"

ਇਸ ਤਰ੍ਹਾਂ ਦੀਆਂ ਕੂਕਾਂ ਕੂਕਦਿਆਂ ਹੋਇਆਂ ਇਹ ਪਿਆਰੇ ਬੱਚੇ ਅਕਾਲ ਪੁਰਖ ਦੇ ਦੇਸ਼ ਨੂੰ ਉਡਾਰੀਆਂ ਮਾਰ ਗਏ।

ਵਡਾ ਕਾਕਾ ਵਰਿੰਦਰ ਸਿੰਘ ਸਾਢੇ ਪੰਝੀ ਸਾਲ ਦਾ ਅਤੇ ਛੋਟਾ ਰੂਪਿੰਦਰ ਸਿੰਘ ਚਵੀ ਸਾਲ ਦਾ ਸੀ। ਦੋਵੇਂ ਭਰ ਜਵਾਨੀ ਵਿਚ ਸਨ। ਵਿਆਹਾਂ ਦੀਆਂ ਤਿਆਰੀਆਂ ਹੋ ਰਹੀਆਂ ਸਨ, ਜੋ ਦਰਗਾਹੀ ਹੁਕਮ ਅਨੁਸਾਰ 'ਮੌਤ-ਰਾਣੀ' ਇਨ੍ਹਾਂ ਨੂੰ ਵਰ ਕੇ ਆਪਣੇ ਨਾਲ ਲੈ ਗਈ।

ਬੱਚਿਆਂ ਦਾ ਇਹ ਵਿਛੋੜਾ ਅਸਹਿ ਹੈ। ਪਾਤਸ਼ਾਹ ਦਾ ਹੁਕਮ ਹੈ ਕਿ–"ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥" ਹਾਂ ਜੀ, ਇਹ "ਬਿਖਮੁ ਭਾਵਨੁ" ਪੂਰਨ ਜੀ-ਪਰਵਾਰ ਲਈ ਮਹਾਨ ਬਿਖਮ ਪ੍ਰੀਖਿਆ ਹੈ।

੧੮-੩-੮੨ ਤਕ ਇਨ੍ਹਾਂ ਬੱਚਿਆਂ ਦੀ ਕਲਿਆਨ ਹਿਤ ਲਗਾਤਾਰ ਚਾਰ ਸ੍ਰੀ ਅਖੰਡਪਾਠ ਉਨ੍ਹਾਂ ਦੇ ਗ੍ਰਿਹ ਫ਼ਰੀਦਾਬਾਦ ਵਿਖੇ ਹੋਏ ਅਤੇ ਚੌਥੇ ਪਾਠ ਦੇ ਭੋਗ ਸਮੇਂ ਹਜ਼ਾਰਾਂ ਸਿਖ ਸੰਗਤਾਂ ਪੰਜਾਬ ਅਤੇ ਭਾਰਤ ਭਰ ਤੋਂ ਸ਼ਾਮਲ ਹੋਈਆਂ ਅਤੇ ਕੀਰਤਨ ਦੁਆਰਾ ਅਸੀਸੜੀਆਂ ਦਿਤੀਆਂ। ਗੁਰੂ ਪਾਤਸ਼ਾਹ ਮੇਹਰ ਕਰਨ ਅਤੇ ਇਨ੍ਹਾਂ ਬੱਚਿਆਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪੂਰਨ ਜੀ ਤੇ ਭੈਣ ਭੂਪਿੰਦਰ ਕੌਰ ਜੀ ਨੂੰ ਗੁਰ-ਸ਼ਬਦ ਦਾ ਅਧਾਰ ਬਖ਼ਸ਼ ਕੇ ਡੋਲਣ ਤੋਂ ਬਚਾਈ ਰਖਣ।



www.AKJ.Org

# ਧਰਮ-ਅਸਥਾਨਾਂ ਦੀ ਪਵਿਤਰਤਾ

ਸਿਖ ਧਰਮ ਮਾਨਵਤਾ ਦੇ ਭਰੱਪਣ ਅਤੇ ਅਕਾਲ ਪੁਰਖ ਦੇ ਪਿਤਾ-ਪੁਣੇ ਦਾ ਵਿਸ਼ਵਾਸੀ ਅਤੇ ਸਰਬੱਤ ਦੇ ਭਲੇ ਦਾ ਚਾਹਵਾਨ ਹੈ। ਇਤਿਹਾਸ ਗਵਾਹ ਹੈ ਕਿ ਕੇਵਲ ਆਪਣੇ ਧਰਮ ਦੀ ਰਾਖੀ ਹੀ ਨਹੀਂ, ਬਲਕਿ ਦੂਜਿਆਂ ਦੇ ਧਰਮਾਂ ਦੀ ਰਾਖੀ ਲਈ ਸਿਖਾਂ ਨੇ ਵਡੀਆਂ ਵਡੀਆਂ ਕੁਰਬਾਨੀਆਂ ਕੀਤੀਆਂ। ਇਥੇ ਹੀ ਬਸ ਨਹੀਂ, ਨੌਵੇਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਤੇ ਜੰਞੂ ਵਿਰੁਧ ਜਬਰ ਹੁੰਦਾ ਵੇਖ ਕੇ ਮਜ਼ਲੂਮ ਹਿੰਦੂ ਧਰਮ ਦੇ ਧਾਰਮਕ ਚਿੰਨ੍ਹਾਂ ਦੀ ਰਖਿਆ ਲਈ ਆਪਣਾ ਬਲੀਦਾਨ ਦਿਤਾ।

ਗੁਰੂ ਕੇ ਸਿਖ, ਧਰਮ-ਅਸਥਾਨਾ ਭਾਵੇਂ ਓਹ ਕਿਸੇ ਧਰਮ ਨਾਲ ਸੰਬੰਧ ਰਖਦੇ ਹੋਣ ਦੀ ਇੱਜ਼ਤ ਦੇ ਰਾਖੇ ਹਨ. ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ 'ਅਕਾਲ ਪੁਰਖ ਕੀ ਫਉਜ' ਕਰਕੇ ਵਰਨਾਇਆ ਹੈ। ਅਕਾਲ ਪੁਰਖ ਕੀ ਫਉਜ–ਖਾਲਸਾ,ਧਰਮ ਦੀ ਬ੍ਰਿਧੀ ਅਤੇ ਧਰਮ-ਅਸਥਾਨਾਂ ਦੀ ਪਵਿਤ੍ਰਤਾ ਦਾ ਜ਼ਾਮਨ ਹੈ।

ਖਬਰਾਂ ਛਪੀਆਂ ਹਨ ਕਿ ਅੰਮ੍ਰਿਤਸਰ ਵਿਚ ਕਿਸੇ ਨੇ ਦੋ ਤਿੰਨ ਗਊਆਂ ਦੇ ਸਿਰ ਮੰਦਰਾਂ ਦੇ ਦਰਵਾਜ਼ਿਆਂ ਨਾਲ ਲਟਕਾਏ ਹਨ। ਇਹ ਨਿੰਦਨੀਯ ਕਰਮ ਕਿਸੇ ਸ਼ਰਾਰਤੀ ਅਨਸਰ ਦੀ ਮੰਦੀ ਕਰਤੂਤ ਹੈ। ਨਿਸਚੇ ਹੀ ਇਹ ਖਾਲਸਾ ਜੀ ਦਾ ਕਰਤੱਵ ਨਹੀਂ ਹੈ।

ਸ਼ਰਾਰਤੀ ਅਨਸਰ ਵਲੋਂ ਸਿਖ ਧਰਮ-ਅਸਥਾਨਾਂ ਦੀ ਬੇਅਦਬੀ ਨਿਤ-ਦਿਨ ਕੀਤੀ ਜਾ ਰਹੀ ਹੈ, ਇਹ ਅਤਿ ਦੁਖਦਾਈ ਹੈ। ਹੁਣ ਹਿੰਦੂਆਂ ਦੇ ਧਰਮ-ਅਸਥਾਨਾਂ ਦੀ ਪਵਿਤਰਤਾ ਭੰਗ ਕੀਤੀ ਗਈ ਹੈ, ਇਹ ਬਹੁਤ ਬੁਰੀ ਗੱਲ ਹੈ। ਧਰਮ-ਅਸਥਾਨ ਭਾਵੇਂ ਕਿਸੇ ਮੱਤ ਦਾ ਹੋਵੇ, ਸਤਿਕਾਰ ਯੋਗ ਹੈ।

ਇਕ ਗੱਲ ਤਾਂ ਸਪੱਸ਼ਟ ਹੈ ਕਿ ਜੇ ਸਿਖਾਂ ਦੇ ਧਰਮ-ਅਸਥਾਨਾਂ ਦੀ ਬੇਅਦਬੀ ਹੋਈ ਹੈ, ਹਿੰਦੂ ਧਰਮ-ਅਸਥਾਨਾਂ ਦੀ ਬੇਅਦਬੀ ਹੋਈ ਹੈ ਤਾਂ ਇਸ ਦੀ ਜ਼ਿਮੇਵਾਰੀ ਅਖ਼ੀਰ ਤੇ ਸਰਕਾਰ ਦੇ ਸਿਰ ਹੀ ਆਉਂਦੀ ਹੈ। ਜੇ ਸਰਕਾਰ ਆਪਣੇ ਕਰਤੱਵ ਦੀ ਪਾਲਣਾ ਵਿਚ ਤਤਪਰ ਹੋਵੇ ਤਾਂ ਅਜਿਹਾ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਅੰਤ ਵਿਚ ਅਸੀਂ ਹਿੰਦੂਆਂ ਤੇ ਸਿਖਾਂ ਨੂੰ ਬੇਨਤੀ ਕਰਾਂਗੇ ਕਿ ਇਸ ਮਸਲੇ ਵਿਚ ਆਪਸ ਵਿਚ ਉਲਝਣ ਦੀ ਥਾਂ ਸ਼ਰਾਰਤੀ ਅਨਸਰ ਨੂੰ ਨੱਥ ਪਾਉਣ ਦਾ ਉਪਰਾਲਾ ਕੀਤਾ ਜਾਵੇ।

---

# ਬੱਚਿਆਂ ਦੇ ਭੋਗ ਸਮੇਂ 'ਸੂਰਾ' ਪੱਤਰ ਨੂੰ ਸਹਾਇਤਾ

ਪੂਰਨ ਜੀ ਦੇ ਹੋਣਹਾਰ ਬੱਚਿਆਂ ਵਰਿੰਦਰ ਸਿੰਘ ਤੇ ਭੂਪਿੰਦਰ ਸਿੰਘ ਦੇ ਫ਼ਰੀਦਾਬਾਦ ਵਿਖੇ ਹੋਏ ਅੰਤਲੇ ਸਮਾਗਮ ਦੇ ਭੋਗ ਸਮੇਂ 'ਸੂਰਾ' ਮਾਸਕ ਪੱਤਰ ਨੂੰ ਹੇਠ ਲਿਖੇ ਅਨੁਸਾਰ ਤਿੰਨ ਹਜ਼ਾਰ ਰੁਪਏ ਸਹਾਇਤਾ ਦਿਤੀ ਗਈ—

| | | | |
|---|---|---|---|
| ਸਮਾਗਮਾਂ ਦਾ ਚੜ੍ਹਾਵਾ | 500–00 | ਡਾ: ਹਰਬੰਸ ਸਿੰਘ ਜੀ (ਨਾਨਾ ਜੀ) | 500–00 |
| ਸ: ਪ੍ਰਿਤਪਾਲ ਸਿੰਘ ਜੀ ਮਦਾਨ (ਮਾਸੀ ਜੀ) | 500–00 | ਸ: ਮਨੋਹਰ ਸਿੰਘ ਜੀ ਕਰਨਾਲ | 500–00 |
| ਭਾ: ਮੋਹਨ ਸਿੰਘ ਜੀ ਗਾਰਡ ਕਾਨਪੁਰ | 500–00 | ਭਾ: ਮਾਨ ਸਿੰਘ ਜੀ ਧਨਬਾਦ | 500–00 |

---

**ਪਰਚੇ ਗੁੰਮ** :—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈੱਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੀ ੧੫ ਤਰੀਕ ਤਕ ਸਾਨੂੰ ਕਾਰਡ ਪਾ ਦੇਵੇ, ਇਸ ਤੋਂ ਪਹਿਲਾਂ ਨਹੀਂ। ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ।


www.AKJ.Org

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਵਾਰੀ ਚਿਟ ਨੰ: ੩੯੯੪/੨੦੬੪ ਯੂ. ਕੇ. ਵਲੋਂ ੬੫੦/-ਰੁਪਏ ਅਤੇ ਬਾਕੀ ੧੬ ਮੈਂਬਰਾਂ ਦੇ ਡੇਢ ਡੇਢ ਸੌ ਰੁਪਏ ਪੁੱਜੇ ਹਨ। ਬੈਂਕ ਔਫ਼. ਡੀ. ਦਾ ਨੰਬਰ ਇਸ ਤਰ੍ਹਾਂ ਹੈ–313405/218/82 ਮਿਤੀ 21-4-82, ਰਕਮ 3050/–ਰੁਪਏ ।

ਸਰਦਾਰਨੀ ਰਜਿੰਦਰ ਕੌਰ ਚਿਟ ਨੰਬਰ ੩੯੮੫, ਸ: ਜਗਦੀਸ਼ ਸਿੰਘ ਬਿਸਰਾਮਪੁਰ ੩੯੮੬,ਸ: ਪ੍ਰੀਤਮ ਸਿੰਘ ਬੇਦੀ ਅੰਮ੍ਰਿਤਸਰ ੩੯੮੭, ਭੂਪਿੰਦਰਾ ਖਾ: ਹਾ: ਸੈ: ਸਕੂਲ ਮੋਗਾ ੩੯੮੮, ਖਾ: ਗਰਲਜ਼ ਹਾਈ ਸਕੂਲ ਪੁਰਾਣਾ ਮੋਗਾ ੩੯੮੯, ਸੋਢੀ ਗੁਰਿਦਰ ਸਿੰਘ ਫ਼ਿਰੋਜ਼ਪੁਰ ੩੯੯੦, ਸ: ਇੰਦਰਜੀਤ ਸਿੰਘ ਬੀ. ਈ. ੳ ੩੯੯੧, ਡਾ: ਤੀਰਥ ਸਿੰਘ ਹੁਸ਼ਿਆਰਪੁਰ ੩੯੯੨, ਸ: ਹਰਕ੍ਰਿਸ਼ਨ ਸਿੰਘ ਪਟਿਆਲਾ ੩੯੯੩, ਸ: ਦਿਲਬਾਗ ਸਿੰਘ ਮਾਵੀ ਯੂ ਕੇ. ੩੯੯੪/੨੦੬੪;–ਸ੍ਰੀ ਮਤੀ ਮਹਿੰਦਰ ਕੌਰ ਅਠੋਲਾ ੩੯੯੫, ਸ੍ਰੀ ਮਤੀ ਰੰਜੀਤ ਕੌਰ ਖਾਨਪੁਰ ਢੱਡਾ ੩੯੯੬, ਬੀਬੀ ਬੇਅੰਤ ਕੌਰ ਖਾਨਪੁਰ ਢੱਡਾ ੩੯੯੭, ਬੀਬੀ ਬਲਜਿੰਦਰ ਕੌਰ ਮਾਨਾ ਤਲਵੰਡੀ ੩੯੯੮, ਬੀਬੀ ਗੁਰਦੀਪ ਕੌਰ ਕੁਹਾਲਾ ੩੯੯੯, ਸ: ਨਰਿੰਦਰ ਸਿੰਘ ਭਸੀਨ ਨਾਗਪੁਰ ੪੦੦੦, ਸ: ਮਨਮੋਹਨ ਸਿੰਘ ਭੀਲੋਵਾਲ ਪੱਕਾ ੬੦੦੧ ।

# ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੪੨ ਪੁਰਾਣੇ ਲਾਈਫ਼ ਮੈਂਬਰਾਂ ਵਲੋਂ ਨਵੇਂ ਵਧੇ ਰੇਟ ਅਨੁਸਾਰ ਪੰਜਾਹ ਪੰਜਾਹ ਰੁਪਏ ਪੁਜੇ ਹਨ, ਜਿਨ੍ਹਾਂ ਦੀ ਬੈਂਕ ਐਫ਼. ਡੀ. ਦਾ ਨੰਬਰ ਇਸ ਤਰ੍ਹਾਂ ਹੈ–313406/219/82 ਮਿਤੀ 21-4-82 ਤੋਂ 21-4-85 ਰਕਮ 2100/–

ਬੀਬੀ ਪ੍ਰੀਤਮ ਕੌਰ ਗਰੇਵਾਲ ਚਿਟ ਨੰ: ੩੦੨੫, ਸ: ਤਾਰਾ ਸਿੰਘ ਸੇਖੋਂ ੩੦੪੧, ਸ: ਰਣਜੀਤ ਸਿੰਘ ਸੁਰਿੰਦਰ ਪਾਲ ਸਿੰਘ ਗੰਭੀਰ ੩੦੮੩, ਸ: ਅਵਤਾਰ ਸਿੰਘ ਰੰਗਵਾਲੇ ੩੧੦੭, ਸ: ਗੁਰਬਖਸ਼ ਸਿੰਘ ਬਿਬੇਕੀ ੩੧੧੭, ਸ: ਪ੍ਰੀਤਮ ਸਿੰਘ ਸੇਠੀ ੩੧੨੮, ਸ: ਕੰਵਲਜੀਤ ਸਿੰਘ ੩੧੪੧, ਡਾ: ਉਤਮ ਸਿੰਘ ੩੧੪੩ ਸ: ਗੁਰ ਹਰਪਾਲ ਸਿੰਘ ੩੧੫੨, ਸ: ਕੁਲਵੰਤ ਸਿੰਘ ੩੧੮੩, ਸ: ਮੋਹਨ ਸਿੰਘ ਗਾਰਡ ੩੧੯੧, ਸ: ਗੁਰਮੁਖ ਸਿੰਘ ਬਖਸ਼ੀ ੩੨੨੯, ਸ: ਹਰਬਖਸ਼ ਸਿੰਘ ਟੀਚਰ ੩੨੫੮ ਸ. ਸੁਰਜੀਤ ਸਿੰਘ ੩੨੯੦, ਸ: ਹਰਬੰਸ ਸਿੰਘ ੩੨੯੭, W. O. ਅਮਰੀਕ ਸਿੰਘ ੩੩੧੩, ਸ: ਕਰਤਾਰ ਸਿੰਘ M. A. Bd. ੩੩੨੨, ਬੀ: ਹਰਬੰਸ ਕੌਰ ੩੩੬੭, ਸ: ਸੰਤੋਖ ਸਿੰਘ ੩੩੭੪, ਸ: ਕਿਸ਼ਨ ਸਿੰਘ ੩੩੮੬, ਸ: ਸੋਹਣ ਸਿੰਘ ੩੪੨੯, ਸ: ਸਵਰਨ ਸਿੰਘ ੩੫੫੦, ਸੂਬੇਦਾਰ ਦੁਰਲਭ ਸਿੰਘ ੩੫੮੯, ਸ: ਜੀ ਬੀ ਸਿੰਘ ੩੬੦੯, ਸ: ਕੁਲਦੀਪ ਸਿੰਘ ੩੬੧੩, ਸ: ਹਰਮੇਲ ਸਿੰਘ ੩੬੩੧, ਸ: ਬਲਜੀਤ ਸਿੰਘ ੩੬੩੩, ਡਾ: ਸੀ. ਪੀ. ਸਿੰਘ ੩੬੫੭, ਡਾ: ਦੀਵਾਨ ਸਿੰਘ ਭਲਾ ੩੬੬੬, ਸ: ਬਲਵੰਤ ਸਿੰਘ ੩੬੮੮, ਸ: ਜਸਵੰਤ ਸਿੰਘ ਟੀਚਰ ੩੬੯੬, ਸ: ਦਲੀਪ ਸਿੰਘ ੩੭੧੮, ਸ: ਕੁਲਵੰਤ ਸਿੰਘ ੩੭੨੧, ਬੀ: ਪਰਮਜੀਤ ਕੌਰ ੩੭੩੭, ਕਾਕਾ ਮਹਿੰਦਰ ਪਾਲ ਸਿੰਘ ੩੭੫੧, ਸ: ਰਣਜੀਤ ਸਿੰਘ ਮਲਿਕ ੩੭੯੫, ਸ੍ਰੀ ਮਤੀ ਸੁਰਜੀਤ ਕੌਰ ੩੮੦੧, ਸ: ਮਨਜੀਤ ਸਿੰਘ ਗਿਲ M. A. ੩੮੫੭, ਸ: ਸੰਤੋਖ ਸਿੰਘ ਬਿਜਲੀ ਵਾਲੇ ੩੮੬੬, ਸ: ਗੁਰਚਰਨ ਸਿੰਘ ੩੮੯੩, ਸ: ਸ਼ਿੰਗਾਰਾ ਸਿੰਘ ੩੮੯੬, ਸ: ਵਰਿਆਮ ਸਿੰਘ ਟੀਚਰ ੩੯੨੬

## ਅਮਾਨਤੀ ਲਾਈਫ਼ ਮੈਂਬਰ

ਦੇਸ ੩੦੦/– ਪਰਦੇਸ ਸਮੁੰਦਰੀ ਡਾਕ ਸਭ ਦੇਸਾਂ ਲਈ ੩੦੦/–

ਹਵਾਈ ਡਾਕ ਅਰਬ ਮਲਾਇਆ ੫੦੦/–, ਯੂ. ਕੇ. ਅਫ਼ਰੀਕਾ ੬੫੦/–, ਕੈਨੇਡਾ ਅਮਰੀਕਾ ੭੫੦/–



www.AKJ.Org

## ਦੋਰਾਹਾ ਮੰਡੀ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਜੀ ਰਾਮਪੁਰ (ਲੁਧਿਆਣਾ)ਸੂਚਨਾ ਦਿੰਦੇ ਹਨ ਕਿ ਭਾਈ ਰਾਮ ਸਿੰਘ ਬੂਟੇ ਵਾਲੇ ਰੇਲਵੇ ਰੋਡ ਦੋਰਾਹਾ ਦੇ ਗ੍ਰਿਹ ਵਿਖੇ 8 ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਆਇ ਜੁੜੋ ਜੀ।

## ਸ੍ਰੀ ਅੰਮ੍ਰਿਤਸਰ ਵਿਖੇ ਅਖੰਡਪਾਠ ਤੇ ਕੀਰਤਨ

ਦਾਸ ਦੇ ਗ੍ਰਿਹ ਵਿਖੇ 16 ਮਈ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ 10-30 ਤਕ ਅਖੰਡ ਕੀਰਤਨ ਹੋਣੇ ਹਨ। ਆਇ ਦੀਦਾਰ ਬਖਸ਼ੋ ਜੀ।

ਦਾਸਰਾ—ਨਰਿੰਦਰ ਸਿੰਘ ਪਰੇਮੀ, 3672, ਗੁਰੂ ਰਾਮਦਾਸ ਨਗਰ, ਗਲੀ ਨੰਬਰ 3, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਦਾਸ ਦੇ ਗ੍ਰਿਹ ਵਿਖੇ ਸੁਪਤਨੀ ਦੀ ਸਾਲਾਨਾ ਯਾਦ ਵਿਚ 16 ਮਈ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਅਖੰਡ ਕੀਰਤਨ ਹੋਣਗੇ। ਦਰਸ਼ਨ ਬਖਸ਼ ਕੇ ਨਿਵਾਜੋ ਜੀ।

ਦਾਸ—ਨਰੰਤਰ ਸਿੰਘ, 36-ਬੀ ਗੋਬਿੰਦ ਨਗਰ, ਅੰਬਾਲਾ ਛਾਉਣੀ।

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ 22 ਮਈ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਆਇ ਦੀਦਾਰ ਬਖ਼ਸ਼ੋ ਜੀ।

ਦਾਸਰਾ—ਜਸਵੰਤ ਸਿੰਘ ਗੁਜਰਾਲ, 99-ਗੋਬਿੰਦ ਨਗਰ, ਨੇੜੇ ਗੁਰਦਵਾਰਾ ਸਾਹਿਬ, ਅੰਬਾਲਾ ਛਾਉਣੀ।

## ਮਾਛੀਆਂ ਕਲਾਂ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਸ: ਮਹਿੰਦਰ ਸਿੰਘ ਐਗਰੀਕਲਚਰ ਇੰਸਪੈਕਟਰ ਸੂਚਿਤ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ 8 ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲੁਧਿਆਣਾ ਲੋਕਲ ਬਸ ਸਟੈਂਡ ਤੋਂ ਪਿੰਡ ਚੌਤੇ ਤੇ ਰਾਹੋਂ ਰੋੜ ਮਾਛੀਵਾੜੇ ਜਾਣ ਵਾਲੀਆਂ ਬਸਾਂ ਮਾਛੀਆਂ ਕਲਾਂ ਲਈ ਚਲਦੀਆਂ ਹਨ। ਦਰਸ਼ਨ ਦੇ ਕੇ ਧੰਨਵਾਦੀ ਬਣਾਓ।

## ਪਿੰਡ ਬੁਢੀਪਿੰਡ (ਹੁਸ਼ਿਆਰਪੁਰ) ਨੇੜੇ ਟਾਂਡਾ ਉੜਮੁੜ ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਦਿਆਲ ਸਿੰਘ (ਅ: ਕੀ: ਜਥਾ ਚਲਦਾ ਵਹੀਰ ਅੰਮ੍ਰਿਤਸਰ) ਸੂਚਨਾ ਦਿੰਦੇ ਹਨ ਕਿ ਭਾਈ ਹਰਭਜਨ ਸਿੰਘ ਜੀ ਪਿੰਡ ਬੁਢੀਪਿੰਡ ਦੇ ਗਹਿ ਵਿਖੇ 5 ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ।

## ਅਖੰਡ ਪਾਠ ਤੇ ਰੈਣ ਸਬਾਈ ਕੀਰਤਨ ਸਮਾਗਮ

(1) ਭਾਈ ਗੁਰਦਿਆਲ ਸਿੰਘ ਚੇਹਲ, ਡੇਰਾ ਬਸੀ ਅੰਬਾਲਾ ਚੰਡੀਗੜ੍ਹ ਰੋਡ 8 ਮਈ ਸਵੇਰੇ ਭੋਗ ਸ੍ਰੀ ਅਖੰਡਪਾਠ ਤੋਂ ਉਪ੍ਰੰਤ 12 ਵਜੇ ਤਕ ਅਖੰਡ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ।

(2) ਭਾਈ ਗੁਰਦੀਪ ਸਿੰਘ ਕੱਲਰ ਤੇੜੀ ਨੇੜੇ ਪੰਜੋਖੜਾ ਸਾਹਿਬ (ਅੰਬਾਲਾ)ਵਿਖੇ ਰੈਣ 29 ਮਈਸਬਾਈ ਕੀਰਤਨ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਗੁਰਦੀਪ ਸਿੰਘ

## ਪਿੰਡ ਲਸਾੜਾ ਨੇੜੇ ਫਲੌਰ (ਜਲੰਧਰ) ਵਿਖੇ ਅਖੰਡ ਕੀਰਤਨ

ਅਖੰਡ ਕੀਰਤਨ ਜਥਾ ਬੰਗਾ ਵਲੋਂ ਸ: ਸੀਤਲ ਸਿੰਘ ਸੈਣੀ ਪਿੰਡ ਲਸਾੜਾ ਵਿਖੇ 15 ਮਈ ਸ਼ਨੀਵਾਰ ਦੀ ਰਾਤ ਨੂੰ 8 ਤੋਂ 12 ਅਖੰਡ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

www.AKJ.Org

# ਹੁਸ਼ਿਆਰਪੁਰ ਵਿਖੇ ਸਲਾਨਾ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## 22 ਮਈ ਸ਼ਨੀਵਾਰ ਸ਼ਾਮ ਤੋਂ 27 ਮਈ 1982 ਵੀਰਵਾਰ ਸਵੇਰ ਤਕ

ਹਰ ਸਾਲ ਦੀ ਤਰ੍ਹਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸਮਾਗਮ ਗੁ: ਕਲਗੀਧਰ ਚਰਨ ਪਾਵਨ, ਹੁਸ਼ਿਆਰਪੁਰ ਵਿਖੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਬੜੇ ਉਤਸ਼ਾਹ ਸਹਿਤ ਮਨਾਇਆ ਜਾ ਰਿਹਾ ਹੈ। ਸਮੂਹ ਗੁਰਮੁਖ ਪਿਆਰੇ ਆਇ ਦੀਦਾਰ ਬਖਸ਼ੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ। ਪਰੋਗਰਾਮ ਇਸ ਤਰ੍ਹਾਂ ਹੈ।

22 ਮਈ ਰਾਤ 7-30 ਤੋਂ 9-30 ਅਖੰਡ ਕੀਰਤਨ ਗੁਰਦਵਾਰਾ ਰੇਲਵੇ ਮੰਡੀ
23 ਮਈ ਸਵੇਰੇ 6-00 ਤੋਂ 9-00 ਕੀਰਤਨ ਆਸਾ ਦੀ ਵਾਰ ਗੁ: ਸਿੰਘ ਸਭਾ ਬਹਾਦਰਪੁਰ
ਰਾਤ 7-30 ਤੋਂ 9-30 ਅਖੰਡ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ
24 ਮਈ ਸਵੇਰੇ 4-00 ਤੋਂ 6-00 ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ ਗੁ: ਕਲਗੀਧਰ ਚਰਨ ਪਾਵਨ
ਰਾਤ 7-30 ਤੋਂ 9-30 ਅਖੰਡ ਕੀਰਤਨ, ਕੋਠੀ ਸ: ਦਲਜੀਤ ਸਿੰਘ 106-R ਮਾਡਲ ਟਾਊਨ
25 ਮਈ ਸਵੇਰੇ 6-00 ਤੋਂ 11-00 ਅਖੰਡ ਕੀਰਤਨ ਗੁ: ਭਾਈ ਜੋਗਾ ਸਿੰਘ ਮਹੱਲਾ ਸ਼ੇਖਾਂ
ਰਾਤ 7-30 ਤੋਂ 9-30 ਅਖੰਡ ਕੀਰਤਨ ਗੁਰਦਵਾਰਾ ਗੋਕਲ ਨਗਰ
26 ਮਈ ਸਵੇਰੇ 6-00 ਭੋਗ ਸ੍ਰੀ ਅਖੰਡਪਾਠ ਉਪਰੰਤ 1 ਵਜੇ ਦੁਪਹਿਰ ਤਕ ਅਖੰਡ ਕੀਰਤਨ ਗੁ: ਕਲਗੀਧਰ ਚਰਨ ਪਾਵਨ
ਸ਼ਾਮ 4-00 ਅੰਮ੍ਰਿਤ ਸਿੰਚਾਰ ਸਮਾਗਮ ਅਰੰਭ ,, ,, ,,
ਰਾਤ 8-00 ਰੈਣ ਸਬਾਈ ਕੀਰਤਨ ਅਰੰਭ, 27 ਮਈ ਸਵੇਰੇ 7 ਵਜੇ ਸਮਾਪਤੀ ,, ,, ,,

ਨੋਟ :—1. ਰਿਹਾਇਸ਼ ਲਈ ਗੁ: ਕਲਗੀਧਰ ਚਰਨ ਪਾਵਨ ਪਜੋ। 2. ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
3. ਗੁ: ਕਲਗੀਧਰ ਚਰਨ ਪਾਵਨ, ਬਸ ਸਟੈਂਡ ਤੋਂ ਡੇਢ ਫਰਲਾਂਗ, ਰੋਸ਼ਨਆਰਾ ਗਰਾਊਂਡ ਦੇ ਨਲ ਹੈ।

ਪੁਛ ਗਿਛ :—ਗੁਰੂ ਨਾਨਕ ਜਨਰਲ ਸਟੋਰ, ਸਾਹਮਣੇ ਬੱਸ ਸਟੈਂਡ, ਹੁਸ਼ਿਆਰਪੁਰ। ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ।

ਪ੍ਰਾਰਥਕ ਦਾਸਰੇ :- ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

# ਨੰਗਲ ਟਾਊਨਸ਼ਿਪ ਵਿਖੇ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆ ਵਲੋਂ ਨੰਗਲ ਟਾਊਨਸ਼ਿਪ ਵਿਖੇ ਬੜੇ ਸਾਲਾਂ ਪਿਛੋਂ ਮਹਾਨ ਕੀਰਤਨ ਸਮਾਗਮ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ। ਪਰੋਗਰਾਮ ਇੰਜ ਹੈ :—

7 ਮਈ ਸ਼ੁਕਰਵਾਰਰ ਸ਼ਾਮ 7-00 ਤੋਂ 10-00 ਕੀਰਤਨ ਗੁਰਦਵਾਰਾ ਮੇਨ ਮਾਰਕੀਟ
8 ਮਈ ਸ਼ਨੀਵਾਰ ਸਵੇਰੇ 5-00 ਤੋਂ 10-00 ਕੀਰਤਨ ਪੁਰਾਣਾ ਗੁਰਦਵਾਰਾ
,, ,, ,, ਸ਼ਾਮ 7-00 ਤੋਂ 10-00 ,, ਗੁਰਦਵਾਰਾ ਮੇਨ ਮਾਰਕੀਟ
9 ਮਈ ਐਤਵਾਰ ਸਵੇਰੇ 5-00 ਤੋਂ 10-00 ,, ਗੁਰਦਵਾਰਾ ਘਾਟ ਸਾਹਿਬ
,, ,, ,, ਸ਼ਾਮ 5-00 ਤੋਂ 8-00 ,, ਗੁਰਦਵ ਰਾ ਸ੍ਰੀ ਬਿਭੌਰ ਸਾਹਿਬ

ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁਰਦਵਾਰਾ ਘਾਟ ਸਾਹਿਬ ਵਿਖੇ ਹੋਵੇਗਾ।

ਪੁਛ ਗਿਛ :—37 AA, ਨੰਗਲ ਟਾਊਨਸ਼ਿਪ

ਪ੍ਰਾਰਥਕ ਦਾਸਰੇ ਅਖੰਡ ਕੀਰਤਨੀ ਜਥਾ ਨੰਗਲ ਟਾਊਨਸ਼ਿਪ

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਜ਼ਿਲਾ ਲੁਧਿਆਣਾ ਦੇ ਪਿੰਡਾਂ ਵਿਚ ਸ਼ਹੀਦਾਂ ਦੀ ਯਾਦ ਵਿਚ ਮਈ ਜੂਨ ਦੇ ਅਖੰਡ ਕੀਰਤਨ ਸਮਾਗਮ :—
18 ਮਈ ਤਿਹਾੜੀ ਨੇੜੇ ਜਗਰਾਉਂ, 25 ਮਈ ਹੁਸ਼ਿਆਰਪੁਰ ਸਾਲਾਨਾ ਸਮਾਗਮ, 1 ਜੂਨ ਜੱਸੋਵਾਲ, 8 ਜੂਨ ਰਤੋਵਾਲ।

ਦਾਸਰਾ :—ਡਾ: ਦਰਸ਼ਨ ਸਿੰਘ, 614-R, ਮਾਡਲ ਟਾਊਨ, ਲੁਧਿਆਣਾ

# ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਸ੍ਰੀ ਅੰਮ੍ਰਿਤਸਰ ਵਲੋਂ ਪਿੰਡਾਂ ਵਿਚ ਕੀਰਤਨ

ਸ਼ਹੀਦਾਂ ਦੀ ਯਾਦ ਵਿਚ ਪਿੰਡਾਂ ਵਿਚ ਰਾਤ 8 ਤੋਂ 11 ਤਕ ਕੀਰਤਨ ਪਰੋਗਰਾਮ ਹੇਠ ਲਿਖੇ ਅਨੁਸਾਰ ਹੋਣਗੇ :—
8 ਮਈ ਗੁਰਦਵਾਰਾ ਮਾਈਆਂ ਮਜੀਠਾ, 15 ਮਈ ਗੁਰਦਵਾਰਾ ਬਰਾੜ ਪਿੰਡ
22 ਮਈ ਰੈਣ ਸਬਾਈ ਕੀਰਤਨ ਗੁਰਦਵਾਰਾ ਸ੍ਰੀ ਰਾਮਸਰ ਦੇ ਸਾਹਮਣੇ

www.AKJ.Org